# ਸਟੀਕ

# ਰਾਮਕਲੀ ਕੀ ਵਾਰ

## (ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ)

ਅਤੇ

# ਬਸੰਤ ਕੀ ਵਾਰ ਮਹਲੁ ੫

ਜੋਗਿੰਦਰ ਸਿੰਘ ਤਲਵਾੜਾ

# ਸਟੀਕ

# ਰਾਮਕਲੀ ਕੀ ਵਾਰ

## ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

ਅਤੇ

# ਬਸੰਤ ਕੀ ਵਾਰ ਮਹਲੁ ੫

# ਸਟੀਕ
# ਰਾਮਕਲੀ ਕੀ ਵਾਰ
## ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ
## ਅਤੇ
# ਬਸੰਤ ਕੀ ਵਾਰ ਮਹਲੁ ੫

ਜੋਗਿੰਦਰ ਸਿੰਘ ਤਲਵਾੜਾ

ਸਿੰਘ ਬ੍ਰਦਰਜ਼
ਅੰਮ੍ਰਿਤਸਰ

# STEEK RAMKALI KI VAR TE BASANT KI VAR

*by :*

BHAI JOGINDER SINGH TALWARA

ISBN : 81-7205-253-7

ਪਹਿਲੀ ਵਾਰ ਮਾਰਚ 2001

ਦੂਜੀ ਵਾਰ ਫ਼ਰਵਰੀ 2002

ਤੀਜੀ ਵਾਰ ਫ਼ਰਵਰੀ 2012

ਮੁੱਲ : 25-00

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com

*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

## ਸਮੱਰਪਣ

ਗੁਰਬਾਣੀ-ਸਾਧਨਾ ਰਾਹੀਂ
ਹਉਮੈ ਦੇ ਕੋੜ੍ਹ ਨੂੰ
ਨਿਵਿਰਤ ਕਰ ਕੇ
ਤਨ-ਮਨ ਨਵਾਂ-ਨਿਰੋਆ
ਕਰਨ ਦੇ ਚਾਹਵਾਨ
ਗੁਰਸਿੱਖਾਂ ਨੂੰ !

# ਤਤਕਰਾ


—ਆਰੰਭਕ ਸ਼ਬਦ ੯

—ਵਾਰ ਦੀ ਉਥਾਨਕਾ ੧੧

—ਗੁਰਬਾਣੀ-ਸਾਧਨਾ ਬਾਰੇ ੧੪


## ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ


**(ੳ) ਸਟੀਕ**

ਪਉੜੀ ੧ — ਉਚਾਰਣ-ਸੇਧ, ਪਦ-ਅਰਥ ਅਤੇ ਅਰਥ ੧੫-੧੮

ਪਉੜੀ ੨ — ਉਚਾਰਣ-ਸੇਧ, ਪਦ-ਅਰਥ ਅਤੇ ਅਰਥ ੧੯-੨੫

ਪਉੜੀ ੩ — ਉਚਾਰਣ-ਸੇਧ, ਪਦ-ਅਰਥ ਅਤੇ ਅਰਥ ੨੫-੩੧

ਪਉੜੀ ੪ — ਉਚਾਰਣ-ਸੇਧ, ਪਦ-ਅਰਥ ਅਤੇ ਅਰਥ ੩੧-੩੪

ਪਉੜੀ ੫ — ਉਚਾਰਣ-ਸੇਧ, ਪਦ-ਅਰਥ ਅਤੇ ਅਰਥ ੩੪-੩੮

ਪਉੜੀ ੬ — ਉਚਾਰਣ-ਸੇਧ, ਪਦ-ਅਰਥ ਅਤੇ ਅਰਥ ੩੮-੪੬

ਪਉੜੀ ੭ — ਉਚਾਰਣ-ਸੇਧ, ਪਦ-ਅਰਥ ਅਤੇ ਅਰਥ ੪੬-੪੯

ਪਉੜੀ ੮ — ਉਚਾਰਣ-ਸੇਧ, ਪਦ-ਅਰਥ ਅਤੇ ਅਰਥ ੪੯-੫੩

**(ਅ) ਅੰਤਿਕਾ—੧** (ਪਉੜੀ ਵਾਰ ਸਮੁੱਚਾ ਭਾਵ) ੫੪-੬੦

**(ੲ) ਅੰਤਿਕਾ—੨** (ਪ੍ਰਸ਼ਨੋਤ੍ਰੀ) ਪ੍ਰਸ਼ਨ ਨੰ: ੧ ਤੋਂ ੩੩ ੬੧-੮੩

# ਬਸੰਤ ਕੀ ਵਾਰ ਮਹਲੁ ੫

(ੳ) **ਸਟੀਕ**

ਪਉੜੀ ੧ — ਉਚਾਰਣ-ਸੇਧ, ਪਦ-ਅਰਥ, ਅਰਥ ਅਤੇ ਸਾਰੰਸ਼ ੮੪-੮੫

ਪਉੜੀ ੨ — ਉਚਾਰਣ-ਸੇਧ, ਪਦ-ਅਰਥ, ਅਰਥ ਅਤੇ ਸਾਰੰਸ਼ ੮੫-੮੭

ਪਉੜੀ ੩ — ਉਚਾਰਣ-ਸੇਧ, ਪਦ-ਅਰਥ, ਅਰਥ ਅਤੇ ਸਾਰੰਸ਼ ੮੭-੮੮

(ਅ) **ਅੰਤਿਕਾ—੧** (ਪ੍ਰਸ਼ਨੋਤ੍ਰੀ) ਪ੍ਰਸ਼ਨ ਨੰ: ੧ ਤੋਂ ੯ ੮੯-੯੨

# ਆਰੰਭਕ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਈ ਵਾਰਾਂ ਵਿਚੋਂ ਸਭਨਾਂ ਤੋਂ ਛੋਟੀਆਂ ਹੇਠ ਲਿਖੀਆਂ ਦੋ ਵਾਰਾਂ ਹਨ :

(੧) ਰਾਮਕਲੀ ਕੀ ਵਾਰ ਰਾਇ ਬਲਵੰਡਿ
ਤਥਾ ਸਤੈ ਡੂਮਿ ਆਖੀ॥ ੮ ਪਉੜੀਆਂ

(੨) ਬਸੰਤ ਕੀ ਵਾਰ ਮਹਲੁ ੫॥ ੩ ਪਉੜੀਆਂ

ਉਪਰੋਕਤ ਦੋਹਾਂ ਵਾਰਾਂ ਵਿਚ ਕੇਵਲ ਪਉੜੀਆਂ ਹੀ ਹਨ, ਇਹਨਾਂ ਨਾਲ ਕੋਈ ਸਲੋਕ ਸੰਮਿਲਤ ਕੀਤੇ ਹੋਏ ਨਹੀਂ।

ਉਪਰੋਕਤ ਨੰਬਰ ੧ ਵਾਲੀ ਵਾਰ ਵਿਚ ਗੁਰੂ ਦਰਬਾਰ ਰਬਾਬੀ ਭਰਾਵਾਂ (ਰਾਇ ਬਲਵੰਡ ਅਤੇ ਭਾਈ ਸਤਾ ਜੀ) ਵਲੋਂ, ਗੁਰੂ-ਬਖ਼ਸ਼ਸ਼ ਦੀ ਪ੍ਰਾਪਤੀ ਮਗਰੋਂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ, ਪੰਜ ਸਤਿਗੁਰੂ ਸਾਹਿਬਾਨ ਦੀ ਉਸਤਤਿ ਪ੍ਰਸਤੁਤ ਕੀਤੀ ਹੋਈ ਹੈ। ਇਤਿਹਾਸਕ ਰਵਾਇਤ ਮੂਜਬ ਅੰਤਰ-ਆਤਮੇ ਇਕਸੁਰ ਹੋ ਕੇ ਕੀਤੀ ਇਸ ਉਸਤਤੀ ਦੇ ਫਲ-ਸਰੂਪ ਉਹਨਾਂ ਦਾ ਸਰੀਰਕ ਕੋੜ੍ਹ ਵੀ ਨਿਵਿਰਤ ਹੋ ਗਿਆ। ਇਸ ਵਾਰ ਤੋਂ ਕਈ ਇਤਿਹਾਸਕ ਅਤੇ ਸਿਧਾਂਤਕ ਤੱਥ ਵੀ ਉਜਾਗਰ ਹੁੰਦੇ ਹਨ। ਕਈ ਸ਼ਰਧਾਵਾਨ ਗੁਰਸਿੱਖ ਤਨ-ਮਨ ਦੀ ਅਰੋਗਤਾ ਲਈ ਨਿਤਾ-ਪ੍ਰਤਿ ਇਸ ਪਾਵਨ ਵਾਰ ਦਾ ਪਾਠ ਨੇਮ ਨਾਲ ਕਰਦੇ ਹਨ।

'ਬਸੰਤ ਕੀ ਵਾਰ ਮਹਲੁ ੫' ਦਾ ਪਾਠ ਵੀ ਕਈ ਗੁਰਸਿੱਖ ਤਨ-ਮਨ ਨੂੰ ਹਰਾ-ਭਰਾ ਰੱਖਣ ਲਈ, ਕਾਮਾਦਿਕ ਵਿਕਾਰਾਂ ਨੂੰ ਨਿਯੰਤਰਣ ਵਿਚ ਰੱਖਣ ਲਈ ਅਤੇ ਨਿਰੰਤਰ ਪ੍ਰਭੂ-ਚਰਨਾਂ ਵਿਚ ਲਿਵ-ਲੀਨ ਰਹਿ ਕੇ ਸਮੁੱਚੇ ਜੀਵਨ ਵਿਚ

ਨਾਮ ਦੀ ਸਦ-ਬਸੰਤ ਦਾ ਖੇੜਾ ਖਿੜਾਉਣ ਦੇ ਮੰਤਵ ਨਾਲ, ਨਿਤਾ-ਪ੍ਰਤਿ ਨੇਮ ਨਾਲ ਕਰਦੇ ਵੇਖੀਦੇ ਹਨ।

ਉਪਰੋਕਤ ਨੰਬਰ ੨ ਵਾਲੀ ਵਾਰ ਦੇ ਅਰਥ ਤਾਂ ਸੁਖੈਨ ਹੀ ਹਨ, ਪਰ ਨੰਬਰ ੧ ਵਾਲੀ ਵਾਰ ਦੀ ਸ਼ਬਦਾਵਲੀ ਕੁਝ ਵਿਲੱਖਣ ਹੈ ਅਤੇ ਇਸ ਦੇ ਅਰਥ ਸਮਝਣ ਵਿਚ ਕੁਝ ਕਠਿਨਾਈ ਮਹਿਸੂਸ ਹੁੰਦੀ ਹੈ। ਸੋ, ਹਥਲੇ ਸਟੀਕ ਦਾ ਪ੍ਰਯੋਜਨ ਗੁਰਸਿੱਖ ਵੀਰਾਂ ਨੂੰ ਇਹਨਾਂ ਦੋਹਾਂ ਬਾਣੀਆਂ ਦਾ ਸਰਲ ਅਰਥ-ਪਰਮਾਰਥ ਉਪਲਬਧ ਕਰਾਉਣਾ ਹੈ, ਤਾਂ ਜੁ ਉਹ ਇਹਨਾਂ ਬਾਣੀਆਂ ਦੇ ਪਾਠ ਦਾ ਪੂਰੀ ਤਰ੍ਹਾਂ ਆਨੰਦ ਮਾਣ ਸਕਣ ਅਤੇ ਗੁਰਬਾਣੀ ਨਾਲ ਅੰਤਰ-ਆਤਮੇ ਪਰਚਾ ਪਾ ਕੇ "ਸਫਲ ਸਫਲ ਭਈ ਸਫਲ ਜਾਤਰਾ" ਮਈ ਜੀਵਨ-ਪਦਵੀ ਦੇ ਪਾਤਰ ਬਣ ਸਕਣ। ਵਾਰ ਦੀ ਉਥਾਨਕਾ ਅਤੇ ਅੰਤ੍ਰੀਵ-ਭਾਵ ਨੂੰ ਸਪੱਸ਼ਟ ਕਰਨ ਲਈ ਵਿਚਾਰ ਪ੍ਰਸ਼ਨੋਤ੍ਰੀ ਦੇ ਰੂਪ ਵਿਚ ਪੇਸ਼ ਕੀਤੇ ਗਏ ਹਨ।

ਇਹ ਨਿਮਾਣਾ ਜਤਨ ਜੇ ਗੁਰਬਾਣੀ-ਸਾਧਨਾ ਕਰਨ ਵਿਚ ਗੁਰਸਿੱਖ-ਪਰਿਵਾਰ ਨੂੰ ਕੁਝ ਸਹਾਇਤਾ ਕਰ ਸਕੇ ਤਾਂ ਔਹ-ਭਾਗ!

ਗੁਰੂ ਅਤੇ ਗੁਰਸਿੱਖਾਂ ਦੀ ਨਦਰਿ-ਕਰਮ ਦਾ ਜਾਚਿਕ,

ਅੰਮ੍ਰਿਤਸਰ
੨੮-੧-੨੦੦੧

**ਜੋਗਿੰਦਰ ਸਿੰਘ ਤਲਵਾੜਾ**

# ਵਾਰ ਦੀ ਉਥਾਨਕਾ

ਭਾਈ ਸਤਾ ਅਤੇ ਰਾਇ ਬਲਵੰਡ ਦੋਵੇਂ ਰਬਾਬੀ ਭਰਾ ਗੁਰੂ-ਘਰ ਦੇ ਕੀਰਤਨੀਏ ਸਨ। ਸ੍ਰੀ ਗੁਰੂ ਰਾਮਦਾਸ ਜੀ ਦੇ ਸਪੁੱਤਰਾਂ ਵਿਚੋਂ ਉਮਰ ਵਿਚ ਸਭ ਤੋਂ ਛੋਟੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰ-ਗੱਦੀ ਪ੍ਰਾਪਤ ਹੋਣ 'ਤੇ, ਵੱਡਾ ਭਰਾ ਪ੍ਰਿਥੀਚੰਦ ਆਪ ਜੀ ਦਾ ਦੋਖੀ ਬਣ ਗਿਆ। ਉਹ ਗੱਦੀ ਉੱਤੇ ਆਪਣਾ ਹੱਕ ਸਮਝਦਾ ਸੀ। ਉਸ ਨੇ ਸਤਿਗੁਰੂ ਜੀ ਦੇ ਪ੍ਰਬੰਧਕੀ ਕਾਰਜਾਂ ਵਿਚ ਵਿਘਨ ਪਾਉਣੇ ਆਰੰਭ ਦਿੱਤੇ। ਬਾਹਰੋਂ ਆਈਆਂ ਸੰਗਤਾਂ ਨੂੰ ਉਸ ਦੇ ਮਸੰਦ ਗੁਰੂ-ਡੰਮ ਦੇ ਭਰਮ-ਭੁਲੇਖੇ ਵਿਚ ਪਾ ਕੇ ਉਸ ਕੋਲ ਲੈ ਆਉਂਦੇ ਅਤੇ ਕਾਰ-ਸੇਵਾ ਆਦਿ ਉਨ੍ਹਾਂ ਤੋਂ ਵਸੂਲ ਲੈਂਦੇ। ਲੰਗਰ ਦੇ ਵੇਲੇ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਪ੍ਰਬੰਧ ਵਿਚ ਚੱਲਦੇ ਲੰਗਰ ਵੱਲ ਭੇਜ ਦਿੱਤਾ ਜਾਂਦਾ। ਕਾਰ-ਭੇਟ ਬਹੁਤ ਘਟ ਆਉਣ ਕਰਕੇ ਗੁਰੂ ਕਾ ਲੰਗਰ ਵੀ ਮਸਤਾਨਾ ਰਹਿਣ ਲੱਗਾ।

ਇਨ੍ਹਾਂ ਦਿਨਾਂ ਵਿਚ ਰਬਾਬੀ ਭਰਾਵਾਂ ਦੀ ਭੈਣ (ਭਾਈ ਵੀਰ ਸਿੰਘ ਜੀ ਅਨੁਸਾਰ) ਦੀ ਸ਼ਾਦੀ ਦੀ ਤਾਰੀਕ ਨੇੜੇ ਆ ਗਈ। ਉਨ੍ਹਾਂ ਨੇ ਸ਼ਾਦੀ ਦੇ ਖ਼ਰਚਾਂ ਲਈ ਸਤਿਗੁਰੂ ਜੀ ਤੋਂ ਮਾਇਆ ਮੰਗੀ। ਗੁਰੂ-ਦਰੋਂ ਮਾਇਕ ਸਹਾਇਤਾ ਤਾਂ ਕਰ ਦਿੱਤੀ ਗਈ ਪਰ ਉਹਨਾਂ ਦੀ ਹਵਸ ਵੱਧ ਤੋਂ ਵਧੇਰੇ ਹੁੰਦੀ ਗਈ। ਲੋਭ ਦੇ ਹਲਕ ਕਾਰਨ ਦੋਵੇਂ ਭਰਾ ਰੁਸ ਕੇ ਘਰ ਜਾ ਬੈਠੇ ਅਤੇ ਕੀਰਤਨ ਸਮੇਂ ਦਰਬਾਰ ਵਿਚ ਨਾ ਆਏ। ਸਤਿਗੁਰੂ ਜੀ ਨੇ ਬੁਲਾਉਣ ਲਈ ਮੁਖੀ ਸਿਖ ਭੇਜੇ, ਪਰ ਉਹ ਨਾ ਮੰਨੇ। ਸਤਿਗੁਰੂ ਜੀ ਗੁਰੂ ਘਰ ਦੇ ਰੁੱਠੇ ਕੀਰਤਨੀਆਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਆਪ ਚੱਲ ਕੇ ਗਏ, ਪਰ ਉਨ੍ਹਾਂ ਕੀਰਤਨ ਕਰਨ ਲਈ ਤਾਂ ਕੀ ਆਉਣਾ ਸੀ, ਸਗੋਂ ਬਚਨ-ਕੁਬਚਨ ਬੋਲੇ। ਅਗਿਆਨਤਾ ਵਿਚ ਇਥੋਂ ਤਕ ਅੰਨ੍ਹੇ ਹੋ ਗਏ ਕਿ ਪਹਿਲੀਆਂ ਪਾਤਸ਼ਾਹੀਆਂ ਦੀ ਵੀ ਨਿੰਦਿਆ ਕਰਨੋਂ ਨਾ ਹਟੇ ਅਤੇ

ਕਿਹਾ ਕਿ ਸਾਡੇ ਵੱਡੇ-ਵਡੇਰਿਆਂ ਦੇ ਕੀਰਤਨ ਕਰਕੇ ਹੀ ਪਹਿਲੇ ਗੁਰੂ ਸੰਗਤਾਂ ਵਿਚ ਮਕਬੂਲ ਹੋਏ, ਨਹੀਂ ਤਾਂ ਉਨ੍ਹਾਂ ਨੂੰ ਕੌਣ ਜਾਣਦਾ ?

ਸ਼ਾਂਤੀ ਦੇ ਪੁੰਜ ਅਤੇ ਸੀਤਲਤਾ ਦੇ ਭੰਡਾਰ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਤਰਾ-ਅਧਿਕਾਰੀ ਸਤਿਗੁਰਾਂ ਦੀ ਨਿੰਦਿਆ ਸੁਣ ਕੇ ਤੜਫ਼ ਉਠੇ। ਉਨ੍ਹਾਂ ਬਚਨ ਉਚਾਰਿਆ ਕਿ ਤੁਸੀਂ ਫਿਟ ਗਏ ਹੋ, ਤੁਹਾਡੀ ਮਤਿ ਮਾਰੀ ਗਈ ਹੈ। ਨਾਲ ਹੀ ਬਚਨ ਕੀਤਾ, "ਕੋਈ ਇਹਨਾਂ ਗੁਰੂ-ਨਿੰਦਕਾਂ ਨੂੰ ਮੂੰਹ ਨਾ ਲਾਵੇ, ਜੋ ਮੂੰਹ ਲਾਵੇਗਾ ਉਹ ਨਸ਼ਰ ਹੋਵੇਗਾ।" ਸਤਿਗੁਰੂ ਜੀ ਨੇ ਸਿੱਖਾਂ ਸੇਵਕਾਂ 'ਤੇ ਐਸੀ ਕਲਾ-ਕ੍ਰਿਸ਼ਮਾਇਣੀ ਦ੍ਰਿਸ਼ਟੀ ਕੀਤੀ ਕਿ ਉਹਨਾਂ ਰਾਹੀਂ ਰਾਗ ਤੇ ਕੀਰਤਨ ਦੀਆਂ ਧੁਨਾਂ ਗੂੰਜਣ ਲੱਗ ਪਈਆਂ।

ਭਾਈ ਸਤਾ ਅਤੇ ਰਾਇ ਬਲਵੰਡ ਗੁਰੂ-ਦਰੋਂ ਫਿਟਕਾਰੇ ਗਏ, ਸਰੀਰ ਫੁਟ ਗਏ। ਉਨ੍ਹਾਂ ਨੂੰ ਕੋਈ ਨੇੜੇ ਨਾ ਢੁੱਕਣ ਦੇਵੇ। ਰੋਂਦੇ ਕੁਰਲਾਂਦੇ ਤੇ ਵਿਰਲਾਪ ਕਰਦੇ, ਪਰ ਦੁਖ ਤੋਂ ਛੁਟਕਾਰਾ ਦਿਵਾਣ ਵਾਲਾ ਕੋਈ ਨਾ ਮਿਲਦਾ। ਉਨ੍ਹਾਂ ਦੇ ਕੰਨੀਂ ਸਰੋਤ ਪਈ ਕਿ ਲਾਹੌਰ ਦਾ ਭਾਈ ਲੱਧਾ ਦੀਨ-ਦੁਖੀਆਂ ਦਾ ਦਰਦੀ ਹੈ, ਜਿਸ ਕਾਰਨ ਉਸ ਦੀ ਅਲ 'ਪਰਉਪਕਾਰੀ' ਪਈ ਹੋਈ ਹੈ। ਉਹ ਦੁਖ ਦੀ ਨਿਵਿਰਤੀ ਵਿਚ ਸਹਾਈ ਹੋ ਸਕਦਾ ਹੈ। ਦੋਵੇਂ ਭਰਾ ਲਾਹੌਰ ਭਾਈ ਲੱਧੇ ਪਰਉਪਕਾਰੀ ਪਾਸ ਜਾ ਕੇ ਆਪਣੀ ਭੁੱਲ ਲਈ ਰੋਏ ਅਤੇ ਪਛਤਾਵੇ ਵਿਚ ਕੀਰਨੇ ਪਾਏ। ਭਾਈ ਜੀ ਦਾ ਕੋਮਲ ਹਿਰਦਾ ਇਹਨਾਂ ਦੇ ਵਿਰਲਾਪ ਕਾਰਨ ਦ੍ਰਵ ਗਿਆ ਅਤੇ ਆਪ ਜੀ ਨੇ ਇਹਨਾਂ ਦੀ ਸਹਾਇਤਾ ਕਰਨ ਦਾ ਸੰਕਲਪ ਬਣਾ ਲਿਆ।

ਭਾਈ ਲੱਧਾ ਜੀ ਸਤਿਗੁਰਾਂ ਦੇ ਬਚਨਾਂ ਦੀ ਪਾਲਣਾ ਵਜੋਂ ਆਪ ਹੀ ਆਪਣਾ ਮੂੰਹ ਕਾਲਾ ਕਰ ਕੇ, ਇਨ੍ਹਾਂ ਰਬਾਬੀ ਭਰਾਵਾਂ ਸਮੇਤ ਗੁਰੂ-ਦਰਬਾਰ ਵਿਚ ਜਾ ਹਾਜ਼ਿਰ ਹੋਏ। ਗੁਰੂ-ਅਵੱਗਿਆ ਕਰਨ ਦਾ ਪਸਚਾਤਾਪ ਕਰ ਰਹੇ ਰਬਾਬੀ-ਭਰਾਵਾਂ ਨੂੰ ਬਖ਼ਸ਼ ਦੇਣ ਦੀ, ਗੁਰੂ ਚਰਨਾਂ ਵਿਚ ਜੋਦੜੀ ਕੀਤੀ। ਭਾਈ ਲੱਧਾ ਜੀ ਦੀ ਨਿੰਮਰਤਾਈ ਅਤੇ ਪਰਉਪਕਾਰ ਲਈ ਕੀਤੀ ਕੁਰਬਾਨੀ ਦੇਖ ਕੇ ਸਤਿਗੁਰੂ ਜੀ ਪਸੀਜ ਪਏ। ਪਰਉਪਕਾਰੀ ਭਾਈ ਲੱਧਾ ਜੀ ਦਾ ਕਾਲਾ ਹੋਇਆ ਮੂੰਹ ਸਤਿਗੁਰਾਂ ਨੇ ਆਪਣੇ ਕਰ-ਕਮਲਾਂ ਨਾਲ ਧੋਤਾ ਅਤੇ ਗੁਰਸਿੱਖ ਨੂੰ ਆਪਣੀਆਂ ਬਖ਼ਸ਼ਸ਼ਾਂ ਅਤੇ ਅਸੀਸਾਂ ਨਾਲ ਨਿਵਾਜਿਆ। ਬਚਨ ਕੀਤੋਨੇ ਕਿ ਜਿਸ ਮੂੰਹ ਨਾਲ ਇਨ੍ਹਾਂ ਨੇ ਸਤਿਗੁਰਾਂ ਦੀ ਨਿੰਦਾ ਕੀਤੀ ਹੈ, ਉਸੇ ਮੂੰਹ ਨਾਲ ਹੁਣ ਉਨ੍ਹਾਂ ਦੀ ਉਸਤਤਿ ਕਰਨ ਤਾਂ ਇਨ੍ਹਾਂ ਦਾ ਸਭੋ ਰੋਗ ਕਟਿਆ ਜਾਏਗਾ। ਸਤਿਗੁਰੂ

ਮਿਹਰਵਾਨ ਹੋਇਆ, ਆਪਣੀ ਕਲਾ-ਕੌਤਕੀ ਨਿਹਾਲਣੀ ਦ੍ਰਿਸ਼ਟੀ ਨਾਲ ਰਬਾਬੀਆਂ ਵੱਲ ਤੱਕਿਆ। ਐਸੀ ਪਰਤੱਖ ਕਲਾ ਵਰਤੀ ਕਿ ਇਹਨਾਂ ਨੂੰ ਅੰਤਰ-ਆਤਮੇ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜੇ ਪਾਤਸ਼ਾਹ ਇਕੋ ਰੂਪ ਵਿਚ ਪਰਤੱਖ ਹੋ ਗਏ। ਸਤਿਗੁਰੂ ਜੀ ਦੀ ਕਲਾ-ਕ੍ਰਿਸ਼ਮਾਇਣੀ ਦ੍ਰਿਸ਼ਟੀ ਸਦਕਾ ਭਾਈ ਬਲਵੰਡ ਤੇ ਸਤਾ ਜੀ ਦੇ ਕਪਾਟ ਖੁੱਲ੍ਹ ਗਏ ਅਤੇ ਉਹ ਹਰੇਕ ਸਤਿਗੁਰੂ ਨੂੰ ਪਰਤੱਖ ਹਾਜ਼ਰ ਨਾਜ਼ਰ ਸਮਝ ਕੇ ਆਪਣੀ ਭੁੱਲ ਅਤੇ ਪਛਤਾਵੇ ਨੂੰ ਚਿਤਾਰਦੇ ਹੋਏ ਅੰਤਰ-ਆਤਮੇ ਵਾਹਿਗੁਰੂ ਨਾਲ ਇਕਸੁਰ ਹੋਏ ਹੋਏ ਗੁਰੂ-ਉਸਤਤਿ ਵਿਚ ਬਾਣੀ ਉਚਾਰਦੇ ਗਏ, ਜਿਸ ਨੂੰ ਸੁਰੱਖਿਅਤ ਕਰ ਕੇ ਸਤਿਗੁਰਾਂ ਵਲੋਂ ਪੋਥੀ ਸਾਹਿਬ ਵਿਚ ਸ਼ਾਮਲ ਕਰ ਦਿੱਤਾ ਗਿਆ।

ਸਤਿਗੁਰਾਂ ਦੀ ਉਸਤਤਿ ਕਰਨ ਦੇ ਫਲ-ਸਰੂਪ ਉਨ੍ਹਾਂ ਦਾ ਕੁਸ਼ਟ-ਰੋਗ ਕਾਫ਼ੂਰ ਹੋ ਗਿਆ ਅਤੇ ਉਹਨਾਂ ਨੂੰ ਗੁਰੂ-ਦਰਬਾਰ ਵਿਚ ਮੁੜ ਟਿਕਾਣਾ ਮਿਲ ਗਿਆ। ਸਿਖ ਸੰਗਤਾਂ ਦਾ ਨਿਸਚਾ ਹੈ ਕਿ ਜੋ ਜੋ ਸਿਖ ਮਾਈ-ਭਾਈ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਉਚਾਰੀ ਗਈ ਇਸ ਬਾਣੀ ਨੂੰ ਸ਼ਰਧਾ-ਭਾਵਨੀ ਨਾਲ ਇਕਾਗਰ-ਚਿਤ ਹੋ ਕੇ ਪੜ੍ਹਦਾ ਸੁਣਦਾ ਹੈ, ਉਸ ਦੇ ਵੀ ਮਨ-ਤਨ ਦੇ ਸਾਰੇ ਰੋਗ ਕਟੇ ਜਾਂਦੇ ਹਨ।

ਇਸ ਸਾਖੀ ਤੋਂ ਸਾਨੂੰ ਸਿਖਿਆ ਮਿਲਦੀ ਹੈ:

੧. ਗੁਰੂ ਕੇ ਸਿੱਖਾਂ-ਸੇਵਕਾਂ ਨੂੰ ਸਦਾ ਗੁਰੂ ਦੇ ਭਾਣੇ ਵਿਚ ਰਹਿਣਾ ਬਣਦਾ ਹੈ।
੨. ਔਖੇ ਸਮੇਂ ਆਪਣੀ ਬਿਰਥਾ ਅਧੀਨਗੀ ਸਹਿਤ ਗੁਰੂ-ਚਰਨਾਂ ਵਿਚ ਆਖਣੀ ਚਾਹੀਦੀ ਹੈ, ਗਿਲੇ ਸ਼ਿਕਵੇ ਕਰਨ ਤੋਂ ਪੂਰਨ ਸੰਕੋਚ ਕਰਨਾ ਚਾਹੀਦਾ ਹੈ।
੩. ਕਿਸੇ ਗੁਨਾਹਗਾਰ ਤੋਂ ਨਹੀਂ, ਬਲਕਿ ਗੁਨਾਹ (ਪਾਪ) ਤੋਂ ਘਿਰਣਾ ਕਰਨੀ ਚਾਹੀਦੀ ਹੈ।
੪. ਹਿਰਦੇ ਦੀ ਕੋਮਲਤਾ ਅਤੇ ਦੂਜਿਆਂ ਪ੍ਰਤਿ ਪਰਉਪਕਾਰ ਦੀ ਭਾਵਨਾ ਗੁਰਸਿੱਖਾਂ ਦਾ ਗੌਰਵਸ਼ੀਲ ਵਿਰਸਾ ਹੈ।
੫. ਗੁਰਬਾਣੀ ਪਾਰਸ-ਕਲਾ ਸੰਪੰਨ ਹੈ। ਇਸ ਦੇ ਪਠਨ-ਪਾਠਨ ਨਾਲ ਸਰੀਰਕ ਅਤੇ ਮਾਨਸਿਕ ਰੋਗਾਂ ਦੀ ਨਿਵਿਰਤੀ ਹੋ ਜਾਂਦੀ ਹੈ।

# ਗੁਰਬਾਣੀ-ਸਾਧਨਾ ਬਾਰੇ

- ਗੁਰਬਾਣੀ ਸਾਧਨਾ-ਸਕੀਮ ਦਾ ਮੁਖ-ਪ੍ਰਯੋਜਨ ਗੁਰਬਾਣੀ ਨਾਲ ਮਨ, ਬਚਨ, ਕਰਮ ਕਰਕੇ ਪਰਚਾ ਪਾਉਣਾ, ਭਾਵ ਗੁਰਬਾਣੀ ਨੂੰ ਸ਼ਰਧਾ-ਪ੍ਰੇਮ ਸਹਿਤ ਪੜ੍ਹਨਾ, ਵੀਚਾਰਨਾ ਅਤੇ ਇਸ ਅਨੁਸਾਰ ਜੀਵਨ ਢਾਲਣਾ ਹੈ।
- ਸਾਧਨਾ-ਪ੍ਰੀਖਿਆ ਸਮੇਂ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਪ੍ਰੀਖਿਆਰਥੀ ਸੰਬੰਧਤ ਬਾਣੀ ਦੇ ਗੁਟਕੇ ਤੋਂ ਸਹਾਇਤਾ ਲੈ ਸਕਦੇ ਹਨ।
- ਪ੍ਰੀਖਿਆ ਵਿਚ ਭਾਗ ਲੈਣ ਲਈ ਉਮਰ ਦੀ ਕੋਈ ਸੀਮਾ ਨਿਸਚਿਤ ਨਹੀਂ।
- ਸਾਧਨਾ-ਪ੍ਰੀਖਿਆ ਨਾਲ ਸੰਬੰਧਤ ਦੋਵੇਂ ਬਾਣੀਆਂ ("ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ" ਅਤੇ "ਬਸੰਤ ਕੀ ਵਾਰ ਮਹਲੁ ੫") ਛੋਟੇ ਆਕਾਰ ਵਾਲੀਆਂ ਹਨ। ਇਸ ਲਈ, ਇਹਨਾਂ ਨੂੰ ਕੰਠ ਕਰਨ ਦੇ ਕ੍ਰਮਵਾਰ ੩੫ ਅਤੇ ੧੫ (ਕੁਲ ੫੦) ਨੰਬਰ ਰੱਖੇ ਗਏ ਹਨ ਅਤੇ ਬਾਕੀ ੫੦ ਨੰਬਰਾਂ ਦਾ ਲਿਖਤੀ ਪਰਚਾ ਹੋਵੇਗਾ।
- ਸੰਨ ੨੦੦੧ ਵਿਚ ਪ੍ਰੀਖਿਆ ਅਪਰੈਲ ਦੇ ਅਖ਼ੀਰਲੇ ਐਤਵਾਰ ਭਾਵ ੨੯ ਅਪਰੈਲ ਨੂੰ ਸ੍ਰੀ ਗੁਰੂ ਰਾਮਦਾਸ ਸਕੂਲ, ਰਾਮਸਰ ਰੋਡ ਵਿਖੇ ਸਵੇਰ ਤੋਂ ਹੋਵੇਗੀ।
- ਅਜਿਹੀਆਂ ਪ੍ਰੀਖਿਆਵਾਂ ਵੱਖ ਵੱਖ ਸੰਸਥਾਵਾਂ ਵਲੋਂ ਸਮੇਂ ਸਮੇਂ ਰਖੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੁ ਸਿਖ ਸੰਗਤਾਂ ਵਿਚ ਗੁਰਬਾਣੀ-ਸਾਧਨਾ ਲਈ ਦਿਲਚਸਪੀ ਬਣੀ ਰਵ੍ਹੇ।

# ਰਾਮਕਲੀ ਕੀ ਵਾਰ

## ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ ॥

## ੧ਓ ਸਤਿਗੁਰਪ੍ਰਸਾਦਿ ॥

***ਪਦ-ਅਰਥ :***

ਰਾਇ ਬਲਵੰਡਿ--ਬਲਵੰਡ ਰਾਏ ਨੇ। ਤਥਾ—ਅਤੇ। ਸਤੈ ਡੂਮਿ—ਸਤੇ ਰਬਾਬੀ ਨੇ। ਆਖੀ--ਉਚਾਰਣ ਕੀਤੀ।

***ਅਰਥ :***

ਰਾਇ ਬਲਵੰਡ ਅਤੇ ਸਤੇ ਰਬਾਬੀ ਨੇ ਉਚਾਰਣ ਕੀਤੀ।

ਸਿਰਜਨਾਤਮਿਕ ਅਤੇ ਵਿਆਪਕ ਸੱਤਾ-ਸੰਪੰਨ ਬ੍ਰਹਮ ਅਦੁੱਤੀ ਹੈ, ਜਿਸਦਾ ਗਿਆਨ ਅਥਵਾ ਆਤਮ-ਬਲ 'ਤੇ ਮਿਲਾਪ ਸਤਿਗੁਰੂ ਦੇ ਪ੍ਰਸਾਦ ਦੁਆਰਾ ਹੀ ਸੰਭਵ ਹੈ।

**ਨਾਉ ਕਰਤਾ ਕਾਦਰੁ ਕਰੇ,**
**ਕਿਉ ਬੋਲੁ ਹੋਵੈ ਜੋਖੀਵਦੈ ॥**

***ਉਚਾਰਣ-ਸੇਧ :***

ਨਾਉ, ਕਿਉ—ਅੰਤਲੇ ਸੂਰਾਂ ਦਾ ਉਚਾਰਣ ਨਾਸਕੀ।

ਜੋਖੀਵਦੈ—'ਖੀ' ਉਚਾਰਣ ਨਾਸਕੀ।

***ਪਦ-ਅਰਥ :***

ਨਾਉ—ਨਾਮਣਾ, ਵਡਿਆਈ। ਕਰਤਾ---ਕਰਤਾਰ। ਕਾਦਰੁ—ਕਰਨਹਾਰ। ਜੋਖੀਵਦੈ—ਤੋਲਣ ਜੋਗ।

***ਅਰਥ :***

ਕਰਨਹਾਰ ਕਰਤਾਰ (ਜਿਸ ਦਾ) ਨਾਮਣਾ (ਉੱਘਾ) ਕਰੇ, ਉਸ ਦਾ ਬੋਲ (ਅੰਮ੍ਰਿਤ-ਬਚਨ) ਕਿਵੇਂ ਤੋਲਣ ਜੋਗ ਹੋ ਸਕਦਾ ਹੈ। ਭਾਵ, ਉਸ ਦਾ ਹੁਕਮ ਅਤੋਲ-ਅਮੋਲ ਹੈ।

**ਦੇ-ਗੁਨਾ ਸਤਿ ਭੈਣ ਭਰਾਵ ਹੈ,**
**ਪਾਰੰਗਤਿ ਦਾਨੁ ਪੜੀਵਦੈ॥**

***ਉਚਾਰਣ-ਸੇਧ :***

ਹੈ—ਅੰਤਲੇ ਸ੍ਵਰ ਦਾ ਉਚਾਰਣ ਨਾਸਕੀ।
ਪੜੀਵਦੈ—'ੜੀ' ਉਚਾਰਣ ਨਾਸਕੀ।

***ਪਦ-ਅਰਥ :***

ਦੇ-ਗੁਨਾ—ਦੈਵੀ ਗੁਣ। ਸਤਿ—ਸਚ-ਨਾਮ। ਪਾਰੰਗਤਿ—ਪਰਮ ਗਤੀ, ਉੱਚਤਮ ਆਤਮ-ਅਵਸਥਾ। ਪੜੀਵਦੈ—ਪੈਂਦਿਆਂ, ਪੈਣ ਨਾਲ।

***ਅਰਥ :***

(ਸਤਿ, ਸੰਤੋਖ ਆਦਿ) ਦੈਵੀ (ਰੱਬੀ) ਗੁਣ ਸਚ-ਨਾਮ ਦੇ ਸੱਕੇ ਭੈਣ ਭਰਾ (ਸਾਕ ਸੰਬੰਧੀ) ਹਨ, ਭਾਵ, ਦੈਵੀ-ਗੁਣਾਂ ਦਾ ਸਚ-ਨਾਮ ਨਾਲ ਗੂੜ੍ਹਾ ਸੰਬੰਧ ਹੈ। "ਗੁਣ-ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ॥੧॥੪॥" (ਪੰਨਾ ੭੬੫), (ਸਤਿਗੁਰੂ ਤੋਂ) ਨਾਮ-ਦਾਨ (ਝੋਲੀ) ਪੈਣ ਨਾਲ ਆਤਮਿਕ ਪਰਮ-ਗਤੀ ਹੋ ਜਾਂਦੀ ਹੈ।

**ਨਾਨਕਿ ਰਾਜੁ ਚਲਾਇਆ,**
**ਸਚੁ ਕੋਟੁ ਸਤਾਣੀ ਨੀਵ ਦੈ॥**

***ਪਦ-ਅਰਥ :***

ਨਾਨਕਿ—ਨਾਨਕ ਨੇ। ਕੋਟੁ—ਕਿਲ੍ਹਾ। ਸਤਾਣੀ—ਬਲ ਵਾਲੀ, ਪੱਕੀ। ਦੈ—ਦੇ ਕੇ।

***ਅਰਥ :***

(ਗੁਰੂ) ਨਾਨਕ (ਦੇਵ ਜੀ) ਨੇ ਜਗਿਆਸੂਆਂ ਨੂੰ ਆਤਮ-ਦਾਨ ਪ੍ਰਦਾਨ

ਕਰਨ ਲਈ ਰੂਹਾਨੀ ਰਾਜ ਚਲਾਇਆ (ਅਤੇ ਇਸ ਦੀ ਸੁਰੱਖਿਆ ਲਈ ਸ਼ਰਧਾ-ਭਾਵਨੀ ਦੀ) ਬਲ ਵਾਲੀ (ਪੱਕੀ) ਨੀਂਹ ਰੱਖ ਕੇ ਸੱਚ ਰੂਪ ਕਿਲ੍ਹਾ ਉਸਾਰਿਆ।

**ਲਹਣੇ ਧਰਿਓਨੁ ਛਤੁ ਸਿਰਿ,**
**ਕਰਿ ਸਿਫਤੀ ਅੰਮ੍ਰਿਤੁ ਪੀਵਦੈ॥**

***ਉਚਾਰਣ-ਸੇਧ :***

ਸਿਫਤੀ—ਉਚਾਰਣ ਨਾਸਿਕਤਾ ਰਹਿਤ (ਸਿਫ਼ਤਿ-ਸਾਲਾਹ)।
ਪੀਵਦੈ—'ਪੀ' ਉਚਾਰਣ ਨਾਸਕੀ।

***ਪਦ-ਅਰਥ :***

ਧਰਿਓਨੁ—ਉਸ (ਗੁਰੂ ਨਾਨਕ) ਨੇ ਧਰਿਆ। ਸਿਰਿ—ਸਿਰ ਉੱਤੇ। ਪੀਵਦੈ—ਪੀਂਦੇ ਹੋਏ, ਪੀ ਰਹੇ।

***ਅਰਥ :***

ਉਸ (ਗੁਰੂ ਨਾਨਕ ਦੇਵ ਜੀ) ਨੇ (ਕਰਤਾ ਪੁਰਖ ਦੀ) ਸਿਫ਼ਤਿ-ਸਾਲਾਹ ਕਰ ਕੇ (ਨਿਰੰਤਰ) ਨਾਮ-ਅੰਮ੍ਰਿਤ ਪੀਂਦੇ ਹੋਏ, ਭਾਵ, ਪੀ ਰਹੇ (ਭਾਈ) ਲਹਣਾ (ਜੀ) ਦੇ ਸਿਰ ਉੱਤੇ (ਗੁਰਿਆਈ ਦਾ) ਛਤਰ ਧਰਿਆ।

**ਮਤਿ, ਗੁਰ ਆਤਮ-ਦੇਵ ਦੀ,**
**ਖੜਗਿ ਜੋਰਿ ਪਰਾਕੁਇ ਜੀਅ ਦੈ॥**

***ਉਚਾਰਣ-ਸੇਧ :***

ਜੀਅ—(੧) 'ਅ' ਦੀ ਧੁਨੀ ਨਾਸਿਕਤਾ ਰਹਿਤ।
(੨) 'ਅ' ਮੁਕਤਾ ਹੈ, ਇਸ ਦੀ ਧੁਨੀ 'ਆ' ਨਾ ਬਣੇ।

***ਪਦ-ਅਰਥ :***

ਗੁਰ—ਗੁਰੂਆਂ-ਗੁਰੂ। ਆਤਮ-ਦੇਵ—ਜੋਤਿ-ਸਰੂਪ ਪਰਮਾਤਮਾ ਦੀ। ਖੜਗਿ ਜੋਰਿ—ਸ਼ਕਤੀ-ਸ਼ਾਲੀ ਗਿਆਨ-ਖੜਗ ਨਾਲ। ਪਰਾਕੁਇ—ਆਤਮ-ਬਲ ਨਾਲ। ਜੀਅ—ਜੀਅ-ਦਾਨ, ਆਤਮਾ ਦੇ ਕੰਮ ਆਉਣ ਵਾਲਾ ਦਾਨ (ਨਾਮ)। ਦੈ—ਦੇ ਕੇ।

***ਅਰਥ :***

ਸ਼ਕਤੀ-ਸ਼ਾਲੀ ਗਿਆਨ-ਖੜਗ ਅਤੇ ਆਤਮ-ਬਲ ਦੁਆਰਾ (ਭਾਈ ਲਹਣੇ ਜੀ ਨੂੰ) ਜੀਅ-ਦਾਨ (ਨਾਮ) ਦੇ ਕੇ ਗੁਰੂਆਂ-ਗੁਰੂ, ਜੋਤਿ-ਸਰੂਪ ਵਾਹਿਗੁਰੂ ਦੀ ਮਤਿ-ਸੁਮਤਿ (ਸਾਸ-ਗਿਰਾਸ ਨਾਮ ਸਿਮਰਨ ਕਰਨ ਦੀ) ਦ੍ਰਿੜ੍ਹ ਕਰਾਈ।

**ਗੁਰਿ, ਚੇਲੇ ਰਹਰਾਸਿ ਕੀਈ,**
**ਨਾਨਕਿ ਸਲਾਮਤਿ ਥੀਵਦੈ ॥**

***ਉਚਾਰਣ-ਸੇਧ :***

ਥੀਵਦੈ—'ਥੀ' ਉਚਾਰਣ ਨਾਸਕੀ।

***ਪਦ-ਅਰਥ :***

ਗੁਰਿ ਨਾਨਕਿ—ਗੁਰੂ ਨਾਨਕ (ਦੇਵ ਜੀ) ਨੇ। ਚੇਲੇ—(ਭਾਈ ਲਹਣਾ ਜੀ) ਚੇਲੇ ਨੂੰ। ਰਹਰਾਸਿ—ਨਮਸਕਾਰ। ਸਲਾਮਤਿ—ਸਹੀ ਸਲਾਮਤ। ਥੀਵਦੈ—ਹੁੰਦਿਆਂ। ਸਲਾਮਤਿ ਥੀਵਦੈ—ਸਹੀ ਸਲਾਮਤ ਹੁੰਦਿਆਂ, ਭਾਵ ਜੀਊਂਦੇ-ਜੀਅ।

***ਅਰਥ :***

ਗੁਰੂ ਨਾਨਕ (ਦੇਵ ਜੀ) ਨੇ ਸਹੀ ਸਲਾਮਤ ਹੁੰਦਿਆਂ (ਜੀਊਂਦੇ-ਜੀਅ) ਆਪਣੇ ਚੇਲੇ (ਭਾਈ ਲਹਣਾ ਜੀ) ਨੂੰ (ਗੁਰੂ ਟਿੱਕ ਕੇ) ਨਮਸਕਾਰ ਕੀਤੀ।

**ਸਹਿ ਟਿਕਾ ਦਿਤੋਸੁ ਜੀਵਦੈ ॥੧॥**

***ਉਚਾਰਣ-ਸੇਧ :***

ਜੀਵਦੈ—'ਜੀ' ਉਚਾਰਣ ਨਾਸਕੀ।

***ਪਦ-ਅਰਥ :***

ਸਹਿ—ਮਾਲਕ ਨੇ। ਟਿਕਾ—ਗੁਰੂ ਟਿਕੇ ਜਾਣ ਦਾ ਮਰਾਤਬਾ। ਦਿਤੋਸੁ—ਉਸ (ਭਾਈ ਲਹਣਾ ਜੀ) ਨੂੰ ਦਿੱਤਾ। ਜੀਵਦੈ—ਜੀਊਂਦਿਆਂ ਹੀ, ਭਾਵ ਆਪਣੇ ਜੀਵਨ-ਕਾਲ ਵਿਚ।

***ਅਰਥ :***

ਮਾਲਕ (ਗੁਰੂ ਨਾਨਕ ਦੇਵ ਜੀ) ਨੇ (ਆਪਣੇ) ਜੀਵਨ-ਕਾਲ ਵਿਚ ਹੀ ਉਸ (ਭਾਈ ਲਹਣਾ ਜੀ) ਨੂੰ ਗੁਰੂ ਟਿਕੇ ਜਾਣ ਦਾਂ ਮਰਾਤਬਾ ਬਖ਼ਸ਼ਿਆ ॥੧॥

**ਲਹਣੇ ਦੀ ਫੇਰਾਈਐ,**
**ਨਾਨਕਾ ਦੋਹੀ ਖਟੀਐ ॥**

***ਪਦ-ਅਰਥ :***

ਲਹਣੇ ਦੀ—(ਭਾਈ) ਲਹਣਾ (ਜੀ) ਦੀ (ਦੋਹੀ)। ਫੇਰਾਈਐ—ਫੇਰੀ ਗਈ, ਪਰਸਾਰਨ ਕੀਤੀ ਗਈ। ਦੋਹੀ—ਪ੍ਰਸਿਧੀ ਦੀ ਧੁੰਮ। ਖਟੀਐ—ਕਰੜੀ ਘਾਲਨਾ ਸਦਕਾ ਖਟੀ ਹੋਈ, ਪ੍ਰਾਪਤ ਕੀਤੀ ਹੋਈ।

***ਅਰਥ :***

(ਗੁਰੂ) ਨਾਨਕ (ਦੇਵ ਜੀ) ਦੀ ਖਟੀ ਹੋਈ ਜਗਤ-ਪ੍ਰਸਿਧੀ ਸਦਕਾ (ਭਾਈ) ਲਹਣਾ (ਜੀ) ਗੁਰੂ ਜੋਤਿ (ਦੇ ਵਾਰਿਸ ਬਣਨ) ਦੀ ਧੁੰਮ (ਸਭ ਪਾਸੇ) ਪਰਸਾਰਨ ਕੀਤੀ ਗਈ।

**ਜੋਤਿ ਓਹਾ ਜੁਗਤਿ ਸਾਇ,**
**ਸਹਿ ਕਾਇਆ ਫੇਰਿ ਪਲਟੀਐ ॥**

***ਉਚਾਰਣ-ਸੇਧ :***

ਕਾਇਆ—ਅੰਤਲੇ ਸੂਰ ਦਾ ਉਚਾਰਣ ਨਾਸਕੀ।

ਪਲਟੀਐ—'ਟ' ਦੀ ਧੁਨੀ ਦਾ ਉਚਾਰਣ ਦ੍ਰੁੱਤ ਕਰ ਕੇ।

***ਪਦ-ਅਰਥ :***

ਜੁਗਤਿ—ਮਰਯਾਦਾ। ਸਾਇ—ਉਹ ਹੀ (ਇਸਤਰੀ-ਲਿੰਗ ਪੜਨਾਉਂ)। ਸਹਿ—ਮਾਲਕ (ਗੁਰੂ ਨਾਨਕ ਦੇਵ ਜੀ) ਨੇ। ਕਾਇਆ—ਸਰੀਰ-ਚੋਲੀ। ਫੇਰਿ—ਮੁੜ ਕੇ। ਪਲਟੀਐ—ਬਦਲ ਲਈ ਹੈ।

***ਅਰਥ :***

(ਗੁਰ-ਗੱਦੀ ਪ੍ਰਾਪਤ ਹੋਣ ਉਪਰੰਤ ਗੁਰੂ ਅੰਗਦ ਦੇਵ ਜੀ ਵਿਚ) ਓਹੋ (ਗੁਰੂ ਨਾਨਕ ਦੇਵ ਜੀ ਵਾਲੀ) ਗੁਰੂ-ਜੋਤਿ ਹੀ ਪ੍ਰਕਾਸ਼ਮਾਨ ਹੈ, (ਜਗਿਆਸੂਆਂ ਨੂੰ ਆਤਮ-ਦਾਨ ਦੇਣ ਦੀ) ਮਰਯਾਦਾ ਵੀ ਓਹੋ ਹੀ ਹੈ। ਮਾਲਕ (ਗੁਰੂ ਨਾਨਕ ਦੇਵ ਜੀ) ਨੇ ਕੇਵਲ ਸਰੀਰ-ਚੋਲੀ ਹੀ ਮੁੜ ਕੇ ਬਦਲੀ ਹੈ।

**ਝੁਲੈ ਸੁ ਛਤੁ ਨਿਰੰਜਨੀ,**
**ਮਲਿ ਤਖਤੁ ਬੈਠਾ ਗੁਰ ਹਟੀਐ॥**

***ਉਚਾਰਣ-ਸੇਧ :***

ਮਲਿ—(ਮੱਲ ਕੇ) 'ਲ' ਦੀ ਧੁਨੀ ਦਾ ਉਚਾਰਣ ਬਲ-ਸਹਿਤ।

***ਪਦ-ਅਰਥ :***

ਸੁ—ਕਾਵਿਕ ਸੁਹਜ ਵਜੋਂ ਵਰਤੋਂ ਹੈ। ਨਿਰੰਜਨੀ—ਨਿਰਮਲ ਪ੍ਰਭੂ ਦਾ। ਮਲਿ ਤਖਤੁ—ਗੁਰੂ-ਸਿੰਘਾਸਣ ਮੱਲ ਕੇ। ਗੁਰ ਹਟੀਐ—(ਨਾਮ ਦੇ ਵਣਜ ਵਾਲੀ) ਗੁਰੂ ਦੀ ਹੱਟੀ ਵਿਖੇ।

***ਅਰਥ :***

(ਗੁਰੂ ਨਾਨਕ ਦੇਵ ਜੀ ਦੀ ਨਾਮ-ਵਣਜ ਵਾਲੀ) ਗੁਰੂ-ਹੱਟੀ ਵਿਖੇ (ਗੁਰੂ ਅੰਗਦ ਦੇਵ ਜੀ) ਗੁਰੂ-ਸਿੰਘਾਸਣ ਮੱਲ ਕੇ ਬੈਠਾ ਹੋਇਆ ਹੈ। (ਸਿਰ ਉੱਤੇ ਗੁਰਿਆਈ ਦਾ ਨਿਰੰਜਨੀ) ਰੱਬੀ ਛਤਰ ਝੁਲ ਰਿਹਾ ਹੈ।

**ਕਰਹਿ ਜਿ ਗੁਰ ਫੁਰਮਾਇਆ,**
**ਸਿਲ ਜੋਗੁ ਅਲੂਣੀ ਚਟੀਐ॥**

***ਉਚਾਰਣ-ਸੇਧ :***

ਕਰਹਿ—'ਹਿ' ਉਚਾਰਣ ਨਾਸਕੀ।

***ਪਦ-ਅਰਥ :***

ਕਰਹਿ—(ਪਾਲਨਾ) ਕਰਦੇ ਹਨ। ਜਿ—ਜੋ ਕੁਝ। ਸਿਲ—ਖੇਤ ਵਿਚ ਡਿੱਗੇ ਦਾਣੇ, ਰਹਿੰਦ-ਖੂੰਦ ਅਨਾਜ। ਜੋਗੁ—ਮਿਲਾਪ ਦਾ ਸਾਧਨ। ਅਲੂਣੀ—ਲੂਣ ਤੋਂ ਬਿਨਾਂ, ਫਿੱਕੀ। ਚਟੀਐ—ਚਟੀ (ਖਾਧੀ) ਜਾਣ ਸਦਕਾ।

***ਅਰਥ :***

ਗੁਰੂ ਦਾ ਜੋ ਜੋ ਫ਼ੁਰਮਾਨ ਹੁੰਦਾ ਹੈ, (ਸਾਰੇ ਸਿਖ-ਸੇਵਕ) ਉਸਦੀ ਪਾਲਨਾ ਕਰਦੇ ਹਨ। ਇੰਜ ਇਹ ਅਲੂਣੀ ਸਿਲਾ ਚਟੀ ਜਾਣ ਸਦਕਾ ਹੀ ਗੁਰਮਤਿ-ਜੋਗ ਕਮਾਇਆ ਜਾ ਸਕਦਾ ਹੈ, ਭਾਵ, ਗੁਰੂ-ਹੁਕਮ ਮੰਨਣ ਦੀ ਕਰੜੀ ਘਾਲਨਾ ਕਰਨਾ ਹੀ ਗੁਰਮਤਿ-ਜੋਗ ਹੈ।

**ਲੰਗਰੁ ਚਲੈ ਗੁਰ-ਸਬਦਿ ਹਰਿ,**
**ਤੋਟਿ ਨ ਆਵੀ, ਖਟੀਐ॥**

***ਪਦ-ਅਰਥ :***

ਗੁਰ-ਸਬਦਿ—ਗੁਰੂ ਦੇ ਉਪਦੇਸ਼ ਦੁਆਰਾ। ਹਰਿ—ਹਰਿ-ਨਾਮ ਦਾ। ਨ ਆਵੀ—ਨਹੀਂ ਆਉਂਦੀ। ਖਟੀਐ—ਖਟੀ।

***ਅਰਥ :***

(ਗੁਰੂ-ਦਰਬਾਰ ਵਿਚ ਨਿਰੰਤਰ) ਗੁਰ-ਉਪਦੇਸ਼ ਰਾਹੀਂ ਹਰਿ-ਨਾਮ ਦਾ ਲੰਗਰ ਚਲਦਾ ਹੈ, ਇਸ ਵਿਚ ਤੋਟ ਕਦੇ ਨਹੀਂ ਆਉਂਦੀ, ਸਗੋਂ ਖਟੀ ਹੀ ਖਟੀ ਹੁੰਦੀ ਹੈ, ਭਾਵ, ਵਾਧਾ ਹੀ ਵਾਧਾ ਹੁੰਦਾ ਹੈ।

**ਖਰਚੇ ਦਿਤਿ ਖਸੰਮ ਦੀ,**
**ਆਪ ਖਹਦੀ ਖੈਰਿ ਦਬਟੀਐ॥**

***ਉਚਾਰਣ-ਸੇਧ :***

ਖਹਦੀ—'ਹ' ਦਾ ਉਚਾਰਣ 'ਹਿ' ਵਾਂਗ ਨਹੀਂ, ਅਤੇ ਨਾ ਹੀ ਨਾਸਕੀ।
ਦਬਟੀਐ—'ਟ' ਦੀ ਧੁਨੀ ਦਾ ਉਚਾਰਣ ਦੁੱਤ ਕਰ ਕੇ।

***ਪਦ-ਅਰਥ :***

ਖਰਚੇ—ਖ਼ਰਚਦਾ (ਵਰਤਦਾ) ਹੈ। ਦਿਤਿ—ਦਿੱਤੀ ਹੋਈ ਦਾਤਿ। ਖਸੰਮ ਦੀ—ਮਾਲਕ (ਗੁਰੂ ਨਾਨਕ ਦੇਵ ਜੀ) ਦੀ। ਖਹਦੀ—(ਆਤਮਿਕ ਖ਼ੁਰਾਕ) ਖਾਧੀ (ਛਕੀ) ਹੈ। ਖੈਰਿ—ਖ਼ਰੈਤ (ਦਾਨ) ਵਜੋਂ। ਦਬਟੀਐ—[ਦਬਟੀ + ਐ] ਦਬਾ-ਦਬ ਵੰਡੀ ਹੈ।

***ਅਰਥ :***

(ਗੁਰੂ ਅੰਗਦ ਦੇਵ ਪਾਤਿਸ਼ਾਹ) ਮਾਲਕ (ਗੁਰੂ ਨਾਨਕ ਦੇਵ ਜੀ) ਦੀ (ਬਖ਼ਸ਼ੀ ਹੋਈ) ਨਾਮ-ਦਾਤਿ ਵੰਡ (ਖ਼ਰਚ) ਰਿਹਾ ਹੈ, ਸਤਿਗੁਰੂ-ਹਜ਼ੂਰ ਨੇ ਆਪ ਇਹ ਆਤਮਿਕ ਖ਼ੁਰਾਕ ਛਕੀ ਹੈ ਅਤੇ ਹੋਰਨਾਂ ਵਿਚ ਇਹ ਖ਼ਰੈਤ (ਦਾਨ) ਵਜੋਂ ਦਬਾ-ਦਬ ਵੰਡੀ ਜਾ ਰਹੀ ਹੈ।

**ਹੋਵੈ ਸਿਫਤਿ ਖਸੰਮ ਦੀ,**
**ਨੂਰੁ ਅਰਸਹੁ ਕੁਰਸਹੁ ਝਟੀਐ॥**

***ਉਚਾਰਣ-ਸੇਧ :***

ਅਰਸਹੁ—'ਸ' ਦਾ ਉਚਾਰਣ ਵਿਸ਼ੇਸ਼ ਧੁਨੀ, 'ਹੁ' ਉਚਾਰਣ ਨਾਸਕੀ।
ਕੁਰਸਹੁ—'ਸ' ਦਾ ਉਚਾਰਣ ਸਾਧਾਰਣ ਧੁਨੀ, 'ਹੁ' ਉਚਾਰਣ ਨਾਸਕੀ।

***ਪਦ-ਅਰਥ :***

ਖਸੰਮ—ਮਾਲਕ-ਪ੍ਰਭੂ। ਨੂਰੁ—ਗਿਆਨ-ਪ੍ਰਕਾਸ਼। ਅਰਸਹੁ—ਗਗਨ-ਮੰਡਲ ਤੋਂ। ਕੁਰਸਹੁ—ਚੰਦ-ਸੂਰਜ ਦੀ ਟਿੱਕੀ ਤੋਂ। ਝਟੀਐ—ਝਰਦਾ ਹੈ।

***ਅਰਥ :***

(ਗੁਰੂ-ਦਰਬਾਰ ਵਿਚ ਨਿਰੰਤਰ) ਮਾਲਕ-ਪ੍ਰਭੂ ਦੀ ਸਿਫ਼ਤਿ-ਸਾਲਾਹ ਹੁੰਦੀ ਹੈ, ਜਿਵੇਂ ਅਰਸ਼ ਤੋਂ ਕੁਰਸ (ਚੰਦ-ਸੂਰਜ ਦੀ ਟਿੱਕੀ) ਤੋਂ ਜਗਤ ਵਿਚ ਪ੍ਰਕਾਸ਼ ਹੁੰਦਾ ਹੈ, ਏਵੇਂ ਸਿਫ਼ਤਿ-ਸਾਲਾਹ ਸਦਕਾ ਰੱਬੀ ਮੰਡਲਾਂ ਤੋਂ ਗੁਰ-ਦਰਬਾਰ ਵਿਚ ਗਿਆਨ-ਪ੍ਰਕਾਸ਼ ਝਰ (ਬਰਸ) ਰਿਹਾ ਹੈ।

**ਤੁਧੁ-ਡਿਠੇ ਸਚੇ ਪਾਤਿਸਾਹ,**
**ਮਲੁ ਜਨਮ ਜਨਮ ਦੀ ਕਟੀਐ॥**

***ਉਚਾਰਣ-ਸੇਧ :***

ਪਾਤਿਸਾਹ—'ਸ' ਉਚਾਰਣ ਵਿਸ਼ੇਸ਼ ਧੁਨੀ।

***ਪਦ-ਅਰਥ :***

ਤੁਧੁ-ਡਿਠੇ—ਤੇਰੇ ਵਲੋਂ ਮਿਹਰ ਦੀ ਨਜ਼ਰ ਨਾਲ ਵੇਖੇ ਜਾਣ ਸਦਕਾ। ਮਲੁ—(ਪਾਪਾਂ ਦੀ) ਮੈਲ। ਕਟੀਐ—ਕਟੀ ਜਾਂਦੀ ਹੈ।

***ਅਰਥ :***

ਸੱਚੇ ਪਾਤਸ਼ਾਹ! ਤੇਰੇ ਵਲੋਂ ਮਿਹਰ ਦੀ ਨਜ਼ਰ ਕੀਤੇ ਜਾਣ ਸਦਕਾ (ਜਗਿਆਸੂਆਂ ਦੀ) ਜਨਮ-ਜਨਮਾਂਤਰਾਂ ਦੀ ਪਾਪ-ਮੈਲ ਕਟੀ ਜਾਂਦੀ ਹੈ।

## ਸਚੁ ਜਿ ਗੁਰਿ ਫੁਰਮਾਇਆ,
## ਕਿਉ ਏਦੂ ਬੋਲਹੁ ਹਟੀਐ ॥

***ਉਚਾਰਣ-ਸੇਧ :***

ਕਿਉ, ਏਦੂ, ਬੋਲਹੁ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।

***ਪਦ-ਅਰਥ :***

ਸਚੁ ਫੁਰਮਾਇਆ—ਸੱਚਾ ਫ਼ੁਰਮਾਨ। ਗੁਰਿ—ਗੁਰੂ (ਨਾਨਕ ਦੇਵ ਜੀ) ਨੇ। ਜਿ—ਜਿਹੜਾ, ਜੋ ਕਿ। ਏਦੂ ਬੋਲਹੁ—ਇਸ ਬੋਲ ਤੋਂ। ਹਟੀਐ—ਪਿੱਛੇ ਹੋਵੀਏ, ਕੰਨੀ ਕਤਰਾਈਏ।

***ਅਰਥ :***

ਗੁਰੂ (ਨਾਨਕ ਦੇਵ ਜੀ) ਨੇ ਜੋ ਸੱਚਾ ਫ਼ੁਰਮਾਨ ਕੀਤਾ ਹੈ (ਕਿ ਗੁਰ-ਗੱਦੀ ਦਾ ਵਾਰਸ ਸੇਵਾ-ਭਾਵਨਾ ਵਾਲਾ ਸਿਖ-ਸੇਵਕ ਭਾਈ ਲਹਣਾ ਹੀ ਹੈ, ਗੁਰੂ ਦੇ) ਇਸ ਫ਼ੁਰਮਾਨ ਤੋਂ, ਕਿਵੇਂ ਪਿੱਛੇ ਹਟੀਏ (ਭਾਵ, ਕਿਵੇਂ ਆਸੇ-ਪਾਸੇ ਹੋਵੀਏ)।

## ਪੁਤ੍ਰੀ ਕਉਲੁ ਨ ਪਾਲਿਓ,
## ਕਰਿ ਪੀਰਹੁ ਕੰਨ੍ਹ ਮੁਰਟੀਐ ॥

***ਉਚਾਰਣ-ਸੇਧ :***

ਪੁਤ੍ਰੀ, ਪੀਰਹੁ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।
ਮੁਰਟੀਐ—'ਟ' ਉਚਾਰਣ ਦੁੱਤ ਕਰ ਕੇ।

***ਪਦ-ਅਰਥ :***

ਪੁਤ੍ਰੀ—ਪੁੱਤ੍ਰੀਂ, ਪੁੱਤਰਾਂ ਨੇ। ਕਉਲੁ—ਬਚਨ, ਹੁਕਮ। ਨ ਪਾਲਿਓ—ਨਾ ਮੰਨਿਆ। ਕਰਿ ਪੀਰਹੁ—ਪੀਰ (ਗੁਰੂ) ਕਰਕੇ (ਮੰਨਣ ਤੋਂ)। ਕੰਨ੍ਹ—ਕੰਧਾ, ਪਿੱਠ। ਮੁਰਟੀਐ—ਮਰੋੜ ਲਿਆ।

***ਅਰਥ :***

ਪਰ ਪੁੱਤਰਾਂ ਨੇ (ਬਾਬਾ ਸਿਰੀ ਚੰਦ ਅਤੇ ਬਾਬਾ ਲਖਮੀ ਦਾਸ ਜੀ ਨੇ) ਗੁਰੂ-ਹੁਕਮ ਨਾ ਮੰਨਿਆ (ਗੁਰੂ ਨਾਨਕ ਦੇਵ ਜੀ ਨੂੰ ਗੁਰੂ ਮੰਨਣ ਦੀ ਬਜਾਏ

ਕੇਵਲ ਪਿਤਾ ਕਰਕੇ ਹੀ ਜਾਣਿਆ), ਪੀਰ (ਗੁਰੂ) ਕਰਕੇ ਮੰਨਣ ਤੋਂ ਕੰਧਾ ਮਰੋੜ ਲਿਆ, ਭਾਵ, ਇਨਕਾਰੀ ਹੋ ਗਏ।

**ਦਿਲਿ ਖੋਟੈ ਆਕੀ ਫਿਰਨਿ੍,**
**ਬੰਨਿ੍ ਭਾਰੁ ਉਚਾਇਨਿ੍ ਛਟੀਐ ॥**

***ਪਦ-ਅਰਥ :***

ਦਿਲਿ ਖੋਟੈ—ਦਿਲੋਂ ਖੋਟੇ ਹੋਣ ਕਾਰਨ। ਆਕੀ—ਬਾਗ਼ੀ। ਫਿਰਨਿ—ਫਿਰਦੇ ਹਨ। ਬੰਨਿ੍ ਭਾਰੁ—(ਗੁਰ-ਬਚਨ ਨਾ ਮੰਨਣ ਦੀ ਅਵੱਗਿਆ ਦਾ) ਭਾਰ ਬੰਨ੍ਹ ਕੇ। ਉਚਾਇਨਿ੍—ਚੁੱਕਦੇ ਹਨ। ਛਟੀਐ—ਛੱਟ ਦਾ (ਗੁਰੂ-ਅਵੱਗਿਆ ਦਾ ਭਾਰ)।

***ਅਰਥ :***

(ਪੁੱਤਰ) ਦਿਲੋਂ ਖੋਟੇ ਹੋਣ ਕਾਰਨ (ਗੁਰੂ-ਹੁਕਮ ਮੰਨਣ ਤੋਂ) ਬਾਗ਼ੀ ਹੋਏ ਫਿਰਦੇ ਹਨ, ਇਸ ਤਰ੍ਹਾਂ (ਗੁਰੂ-ਅਵੱਗਿਆ ਮਈ) ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਫਿਰਦੇ ਹਨ।

**ਜਿਨਿ ਆਖੀ ਸੋਈ ਕਰੇ,**
**ਜਿਨਿ ਕੀਤੀ ਤਿਨੈ ਥਟੀਐ ॥**

***ਪਦ-ਅਰਥ :***

ਜਿਨਿ—ਜਿਸ (ਭਾਈ ਲਹਣਾ ਜੀ) ਨੇ। ਆਖੀ—(ਅੰਦਰਲੀ ਹੁਭ ਅਧੀਨ ਗੁਰ-ਕਾਰ ਕਰਨ ਦੀ) ਬੋਲ ਕੇ ਪ੍ਰਤੱਗਿਆ ਕੀਤੀ। ਸੋਈ ਕਰੇ—ਓਹੀ (ਹੁਕਮ ਦੀ ਕਾਰ) ਕਰਦਾ ਹੈ। ਥਟੀਐ—(ਰਵਾਇਤ) ਕਾਇਮ ਕੀਤੀ ਹੈ।

***ਅਰਥ :***

ਜਿਸ (ਭਾਈ ਲਹਣਾ ਜੀ) ਨੇ ਅੰਦਰਲੀ ਹੁਭ ਅਧੀਨ ਗੁਰੂ ਕੀ ਕਾਰ ਕਰਨ ਦੀ ਮੂੰਹੋਂ ਬੋਲ ਕੇ ਪ੍ਰਤੱਗਿਆ ਕੀਤੀ, ਉਹ ਹੀ ਹੁਕਮ ਦੀ ਕਾਰ ਕਰ ਰਿਹਾ ਹੈ। ਜਿਸ ਨੇ (ਹੁਕਮ ਦੀ ਕਾਰ) ਕੀਤੀ, ਉਸ ਨੇ ਹੀ (ਹੁਕਮੀ ਬੰਦਾ ਬਣ ਕੇ ਗੁਰ ਕੀ ਕਾਰ ਕਰਨ ਦੀ) ਥਟਣਾ ਥਟੀ, ਭਾਵ, ਪਧਤੀ (ਪ੍ਰਥਾ) ਕਾਇਮ ਕੀਤੀ।

## ਕਉਣੁ ਹਾਰੇ, ਕਿਨਿ ਉਵਟੀਐ ॥੨॥

***ਉਚਾਰਣ-ਸੇਧ :***

ਉਵਟੀਐ—'ਟ' ਉਚਾਰਣ ਦ੍ਰੁੱਤ ਕਰ ਕੇ।

***ਪਦ-ਅਰਥ :***

ਕਿਨਿ—ਕਿਸ ਨੇ ? ਉਵਟੀਐ—ਖਟੀ ਖਟੀ ਹੈ, ਭਾਵ, ਬਾਜ਼ੀ ਜਿੱਤੀ ਹੈ।

***ਅਰਥ :***

ਕਉਣ (ਜੀਵਨ-ਬਾਜ਼ੀ) ਹਾਰਦਾ ਹੈ ਅਤੇ ਕਿਸ ਨੇ ਖਟੀ ਖਟੀ (ਜੀਵਨ-ਬਾਜ਼ੀ ਜਿੱਤੀ) ਹੈ। ਭਾਵ, ਗੁਰੂ ਅੱਗੇ ਹਾਰ ਚਲਣ ਵਾਲਾ ਹੀ ਜੀਵਨ-ਬਾਜ਼ੀ ਜਿੱਤਦਾ ਹੈ ॥੨॥

**ਜਿਣਿ ਹਾਰੈ, ਹਾਰੈ ਜਿਣੈ, ਏਹ ਗੁਰਮੁਖ ਘਾਲਾ ॥**

*(ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੭)*

## ਜਿਨਿ ਕੀਤੀ ਸੋ ਮੰਨਣਾ,
## ਕੋ ਸਾਲੁ, ਜਿਵਾਹੇ ਸਾਲੀ ॥

***ਉਚਾਰਣ-ਸੇਧ :***

ਜਿਵਾਹੇ—ਅੰਤਲੇ ਸੂਰ ਦਾ ਉਚਾਰਣ ਨਾਸਕੀ।

***ਪਦ-ਅਰਥ :***

ਜਿਨਿ—ਜਿਸ (ਭਾਈ ਲਹਣਾ ਜੀ) ਨੇ। ਮੰਨਣਾ—ਮੰਨਣ ਜੋਗ, ਮਾਨਨੀਕ। ਸਾਲੁ—ਸ੍ਰੇਸ਼ਟ। ਜਿਵਾਹੇ—ਜਿਵਾਹਾਂ, ਇਕ ਨਿਕੰਮਾ ਜਿਹਾ ਬੂਟਾ। ਸਾਲੀ—ਧਾਨ, ਮੁੰਜੀ।

***ਅਰਥ :***

ਜਿਸ (ਭਾਈ ਲਹਣਾ ਜੀ) ਨੇ (ਹੁਕਮੀ ਬੰਦੇ ਵਾਲੀ) ਕਾਰ ਕਮਾਈ, ਉਹ ਮਾਨਨੀਕ ਹੋ ਨਿਬੜਿਆ। ਕੋਈ ਸ੍ਰੇਸ਼ਟ (ਤਤਵੇਤਾ) ਹੀ ਜਿਵਾਹਾਂ ਅਤੇ ਸਾਲੀ (ਧਾਨ ਮੁੰਜੀ) ਵਿਚੋਂ ਸ੍ਰੇਸ਼ਟਤਾ ਦਾ ਨਿਰਣਾ ਕਰਨ ਦੇ ਸਮਰੱਥ ਹੁੰਦਾ ਹੈ। ਭਾਵ, ਭਾਈ ਲਹਣਾ ਜੀ ਹੀ ਤਤਵੇਤਾ ਹਨ, ਜਿਨ੍ਹਾਂ ਨੇ ਨਿਰਣਾ ਕਰ ਲਿਆ ਕਿ ਸਾਲੀ (ਸੇਵਾ-ਭਾਵਨਾ) ਜਿਵਾਹਾਂ (ਆਕੜ-ਅਹੰਕਾਰ) ਤੋਂ ਉਤਮ ਹੈ।

**ਧਰਮਰਾਇ ਹੈ ਦੇਵਤਾ,**
**ਲੈ ਗਲਾ ਕਰੇ ਦਲਾਲੀ॥**

***ਉਚਾਰਣ-ਸੇਧ :***

ਗਲਾ—ਅੰਤਲੇ ਸੂਰ ਦਾ ਉਚਾਰਣ ਨਾਸਕੀ।

***ਪਦ-ਅਰਥ :***

ਦੇਵਤਾ—ਦੈਵੀ-ਹਸਤੀ ਦਾ ਮਾਲਕ। ਲੈ ਗਲਾ—(ਚਿਤਰ ਗੁਪਤ ਕੋਲੋਂ ਜੀਵਾਂ ਦੇ ਕਮਾਏ ਕਰਮਾਂ ਦੀਆਂ) ਗੱਲਾਂ ਸੁਣ ਕੇ। ਦਲਾਲੀ—ਮੁਨਸਫ਼ੀ, ਧਰਮ-ਨਿਆਉਂ।

***ਅਰਥ :***

(ਜਿਵੇਂ) ਧਰਮ-ਰਾਜਾ (ਕਰਤਾ ਪੁਰਖ ਦਾ ਥਾਪਿਆ ਹੋਇਆ) ਦੇਵਤਾ (ਦੈਵੀ ਹਸਤੀ ਦਾ ਮਾਲਕ) ਹੈ, ਜੋ (ਜੀਵਾਂ ਦੇ ਚਿਤਰ ਗੁਪਤ ਵਲੋਂ ਦਿੱਤੇ) ਕਰਮ-ਬਿਓਰੇ ਉੱਤੇ ਮੁਨਸਫ਼ੀ (ਧਰਮ-ਨਿਆਉਂ) ਕਰਦਾ ਹੈ (ਏਵੇਂ ਹੀ ਗੁਰੂ ਨਾਨਕ ਦੇਵ ਜੀ ਨੇ ਪੁੱਤਰਾਂ ਅਤੇ ਭਾਈ ਲਹਣੇ ਜੀ ਦੀ ਕਰਣੀ-ਕਰਤੂਤ ਦੇ ਆਧਾਰ 'ਤੇ ਗੁਰਿਆਈ ਦੇਣ ਦਾ ਧਰਮ-ਨਿਆਉਂ ਕੀਤਾ)।

**ਸਤਿਗੁਰੁ ਆਖੈ, ਸਚਾ ਕਰੇ,**
**ਸਾ ਬਾਤ ਹੋਵੈ ਦਰਹਾਲੀ॥**

***ਪਦ-ਅਰਥ :***

ਸਚਾ—ਸੱਚ-ਸਰੂਪ ਵਾਹਿਗੁਰੂ। ਸਾ—ਉਹ (ਇਸਤਰੀ-ਲਿੰਗ, ਵਿਸ਼ੇਸ਼ਣ)। ਦਰਹਾਲੀ—ਤੁਰੰਤ, ਉਸੇ ਵੇਲੇ।

***ਅਰਥ :***

ਸਤਿਗੁਰੂ ਜੋ ਜੋ ਕੁਝ (ਕਰਤਾ-ਪੁਰਖ ਨਾਲ ਆਤਮਿਕ ਇਕ-ਸੁਰਤਾ ਦੀ ਦਸ਼ਾ ਵਿਚ) ਕਥਨ ਕਰਦਾ ਹੈ, ਸੱਚ-ਸਰੂਪ ਵਾਹਿਗੁਰੂ ਓਵੇਂ ਹੀ ਕਰਦਾ ਹੈ ਅਤੇ ਉਹ ਗੱਲ ਤੁਰੰਤ ਹੋ ਜਾਂਦੀ ਹੈ।

**ਗੁਰ ਅੰਗਦ ਦੀ ਦੋਹੀ ਫਿਰੀ,**
**ਸਚੁ, ਕਰਤੈ ਬੰਧਿ-ਬਹਾਲੀ॥**

***ਪਦ-ਅਰਥ :***

ਦੋਹੀ—ਗੁਰਤਾ-ਪ੍ਰਾਪਤੀ ਦੀ ਧੁੰਮ। ਫਿਰੀ—ਫਿਰ (ਪਸਰ) ਗਈ। ਸਚੁ—ਸਦਾ-ਥਿਰ। ਕਰਤੈ—ਕਰਨਹਾਰ ਕਰਤਾਰ ਨੇ। ਬੰਧਿ-ਬਹਾਲੀ—ਕਾਇਮ ਕੀਤੀ ਹੈ।

***ਅਰਥ :***

ਗੁਰੂ ਅੰਗਦ (ਦੇਵ ਜੀ) ਦੀ ਗੁਰਤਾ-ਪ੍ਰਾਪਤੀ ਦੀ ਧੁੰਮ (ਸਭ ਪਾਸੇ) ਪਸਰ ਗਈ, (ਇਹ ਗੁਰਤਾ) ਸਦਾ-ਥਿਰ ਹੈ, ਕਿਉਂਜੁ ਕਰਤਾ ਪੁਰਖ ਨੇ ਕਾਇਮ ਕੀਤੀ ਹੈ।

**ਨਾਨਕੁ ਕਾਇਆ ਪਲਟੁ ਕਰਿ,**
**ਮਲਿ ਤਖਤੁ ਬੈਠਾ ਸੈ-ਡਾਲੀ॥**

***ਉਚਾਰਣ-ਸੇਧ :***

ਕਾਇਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।
ਸੈ-ਡਾਲੀ—(ਸਮਾਸੀ ਸ਼ਬਦ) ਉਚਾਰਣ ਨਾਸਿਕਤਾ ਬਿਨਾਂ।
ਮਲਿ—'ਲ' ਦੀ ਧੁਨੀ ਦਾ ਉਚਾਰਣ ਬਲ-ਸਹਿਤ, ਮੱਲਿ ਵਾਂਗ।

***ਪਦ-ਅਰਥ :***

ਕਾਇਆ—ਸਰੀਰ-ਚੋਲੀ। ਪਲਟੁ ਕਰਿ—ਬਦਲ ਕੇ। ਸੈ-ਡਾਲੀ—ਸੈਂਕੜੇ ਡਾਲੀਆਂ (ਸਿਖ-ਸੰਗਤਾਂ) ਵਾਲਾ।

***ਅਰਥ :***

ਸੈਂਕੜੇ ਡਾਲੀਆਂ (ਸਿਖ-ਸੰਗਤਾਂ) ਵਾਲਾ (ਗੁਰੂ) ਨਾਨਕ (ਦੇਵ ਜੀ) ਆਪਣੀ ਸਰੀਰਕ-ਚੋਲੀ ਬਦਲ ਕੇ (ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਗੁਰਿਆਈ ਦਾ) ਤਖ਼ਤ ਮੱਲ ਬੈਠਾ ਹੈ।

**ਦਰੁ ਸੇਵੇ ਉਮਤਿ ਖੜੀ**
**ਮਸਕਲੈ ਹੋਇ ਜੰਗਾਲੀ॥**

***ਉਚਾਰਣ-ਸੇਧ :***

ਉਮਤਿ—'ਮ' ਦੀ ਧੁਨੀ ਦਾ ਉਚਾਰਣ ਬਲ-ਸਹਿਤ, ਉੱਮਤਿ ਵਾਂਗ।

ਮਸਕਲੈ—ਕਿਸੇ ਅੱਖਰ ਦੀ ਵੀ ਧੁਨੀ ਦਾ ਉਚਾਰਣ ਬਲ-ਸਹਿਤ ਨਹੀਂ ਕਰਨਾ।

***ਪਦ-ਅਰਥ :***

ਦਰੁ—ਗੁਰੂ-ਦਰਬਾਰ। ਸੇਵੇ—ਸੇਵਾ ਕਰਦੀ ਹੈ। ਉਮਤਿ—ਸਿਖ-ਸੰਗਤਿ। ਮਸਕਲੈ—ਮਸਕਲੇ ਨਾਲ, ਜੰਗਾਲ ਲਾਹੁਣ ਵਾਲੇ ਸੰਦ ਨਾਲ।

***ਅਰਥ :***

ਸਾਰੀ ਸਿਖ-ਸੰਗਤਿ ਖੜੀ (ਸ਼ਰਧਾ-ਪ੍ਰੇਮ ਨਾਲ ਸਾਵਧਾਨ ਹੋ ਕੇ) ਗੁਰੂ-ਦਰ ਮੱਲ ਕੇ ਸੇਵਾ ਕਰ ਰਹੀ ਹੈ, (ਨਾਮ-ਬਾਣੀ ਦੇ ਪ੍ਰਵਾਹ ਦੀ ਬਰਕਤਿ ਸਦਕਾ ਸਿਖ-ਸੰਗਤਾਂ ਦੀ ਆਤਮਾ ਏਸ ਤਰ੍ਹਾਂ ਨਿਰਮਲ ਹੋਈ ਪਈ ਹੈ) ਜਿਵੇਂ ਮਸਕਲੇ (ਜੰਗਾਲ ਲਾਹੁਣ ਵਾਲੇ ਸੰਦ) ਨਾਲ ਜੰਗਾਲੀ ਹੋਈ ਧਾਤ (ਸਾਫ਼) ਹੁੰਦੀ ਹੈ।

**ਦਰਿ ਦਰਵੇਸੁ ਖਸੰਮ ਦੈ,**
**ਨਾਇ ਸਚੈ ਬਾਣੀ ਲਾਲੀ ॥**

***ਉਚਾਰਣ-ਸੇਧ :***

ਨਾਇ—ਅੰਤਲੇ ਸੂਰ ਦਾ ਉਚਾਰਣ ਨਾਸਕੀ।

***ਪਦ-ਅਰਥ :***

ਦਰਿ—(ਗੁਰੂ ਅੰਗਦ ਦੇਵ ਜੀ) ਦੇ ਦਰ ਉੱਤੇ। ਦਰਵੇਸੁ—(ਨਾਮ-ਦਾਤਿ ਦਾ) ਸਵਾਲੀ। ਖਸੰਮ ਦੈ ਦਰਿ—ਮਾਲਕ (ਗੁਰੂ ਅੰਗਦ ਦੇਵ ਜੀ) ਦੇ ਦਰ ਉੱਤੇ। ਦੈ—ਦੇ। ਨਾਇ ਸਚੈ—ਸੱਚੇ ਨਾਉਂ ਦੁਆਰਾ।

***ਅਰਥ :***

(ਜੋ ਜੋ ਵਿਅਕਤੀ) ਖ਼ਸਮ (ਗੁਰੂ ਅੰਗਦ ਦੇਵ ਜੀ) ਦੇ ਦਰ ਉੱਤੇ ਦਰਵੇਸ਼ (ਨਾਮ-ਦਾਤਿ ਦਾ ਸਵਾਲੀ ਬਣਦਾ) ਹੈ, ਉਸ (ਦੇ ਮੁਖੜੇ) ਉੱਤੇ ਸੱਚੇ ਨਾਮ ਅਤੇ ਗੁਰਬਾਣੀ (ਦੇ ਅਭਿਆਸ) ਦੁਆਰਾ ਲਾਲੀ ਚੜ੍ਹ ਜਾਂਦੀ ਹੈ, ਭਾਵ, ਮੁਖੜਾ ਨੂਰੀ ਹੋ ਜਾਂਦਾ ਹੈ।

**ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ ॥**

*(ਪੰਨਾ ੯੬੪)*

**ਬਲਵੰਡ, ਖੀਵੀ ਨੇਕ ਜਨ,**
**ਜਿਸੁ ਬਹੁਤੀ ਛਾਉ ਪਤ੍ਰਾਲੀ॥**

***ਉਚਾਰਣ-ਸੇਧ :***

ਛਾਉ—ਅੰਤਲੇ ਸੂਰ ਦਾ ਉਚਾਰਣ ਨਾਸਕੀ।

***ਪਦ-ਅਰਥ :***

ਨੇਕ ਜਨ—ਭਲੀ-ਲੋਕ। ਪਤ੍ਰਾਲੀ—ਪਤਰਾਂ ਵਾਲੀ, ਸੰਘਣੀ।

***ਅਰਥ :***

ਬਲਵੰਡ (ਮੁਹਰ-ਛਾਪ)—ਮਾਤਾ ਖੀਵੀ (ਗੁਰੂ ਅੰਗਦ ਦੇਵ ਜੀ ਦੀ ਸੁਪੱਤਨੀ) ਬੜੀ ਭਲੀ-ਲੋਕ ਹੈ, ਜਿਸ ਦੀ ਛਾਉਂ ਅਤਿ ਸੰਘਣੀ ਹੈ, ਭਾਵ, ਮਾਤਾ ਖੀਵੀ ਜੀ ਦੀ ਸੁਘੜਤਾ ਵਾਲੀ ਸਰਪ੍ਰਸਤੀ ਸਿਖ-ਸੰਗਤਾਂ ਲਈ ਬਹੁਤ ਸੁਖਦਾਈ ਹੈ।

**ਲੰਗਰਿ ਦਉਲਤਿ ਵੰਡੀਐ,**
**ਰਸੁ ਅੰਮ੍ਰਿਤੁ ਖੀਰਿ ਘਿਆਲੀ॥**

***ਪਦ-ਅਰਥ :***

ਲੰਗਰਿ—ਲੰਗਰ ਵਿਚ। ਵੰਡੀਐ—ਵੰਡੀਦੀ ਹੈ। ਰਸੁ ਅੰਮ੍ਰਿਤੁ—ਨਾਮ-ਅੰਮ੍ਰਿਤ-ਰਸ। ਘਿਆਲੀ—ਘਿਉ ਵਾਲੀ।

***ਅਰਥ :***

(ਗੁਰੂ ਕੇ) ਲੰਗਰ ਵਿਚ (ਮਾਤਾ ਖੀਵੀ ਜੀ ਦੀ ਸਰਪ੍ਰਸਤੀ ਹੇਠ ਲੋੜਵੰਦਾਂ ਨੂੰ) ਧਨ ਦੌਲਤ, (ਭੁਖਿਆਂ ਨੂੰ) ਘਿਉ ਵਾਲੀ ਖੀਰ ਅਤੇ (ਆਤਮ-ਤ੍ਰਿਪਤੀ ਲਈ) ਨਾਮ-ਅੰਮ੍ਰਿਤ-ਰਸ ਵੰਡੀਦਾ ਹੈ।

**ਗੁਰਸਿਖਾ ਕੇ ਮੁਖ ਉਜਲੇ,**
**ਮਨਮੁਖ ਥੀਏ ਪਰਾਲੀ॥**

***ਉਚਾਰਣ-ਸੇਧ :***

ਗੁਰਸਿਖਾ—ਅੰਤਲੇ ਸੂਰ ਦਾ ਉਚਾਰਣ ਨਾਸਕੀ।

*ਪਦ-ਅਰਥ :*

ਉਜਲੇ—ਨਿਰਮਲ, ਸੁਰਖ਼ਰੂ, ਨੂਰ ਨਾਲ ਚਮਕਦੇ। ਮਨਮੁਖ—ਮਨ ਦੇ ਮੁਰੀਦ। ਥੀਏ—ਹੋਏ ਪਏ ਹਨ। ਪਰਾਲੀ—ਪਰਾਲੀ ਵਾਂਗ ਪੀਲੇ-ਭੂਕ (ਸ਼ਰਮਿੰਦੇ)।

*ਅਰਥ :*

(ਗੁਰੂ-ਦਰ ਦੇ ਦਰਵੇਸ਼) ਗੁਰਸਿੱਖਾਂ ਦੇ ਮੁਖੜੇ ਨੂਰੋ-ਨੂਰ ਹਨ, ਪਰ (ਗੁਰੂ ਨੂੰ ਛੱਡ ਕੇ) ਮਨ ਦੇ ਮੁਰੀਦ (ਮਨਮੁਖ) ਵਿਅਕਤੀ ਪਰਾਲੀ ਵਾਂਗ ਪੀਲੇ-ਭੂਕ (ਸ਼ਰਮਿੰਦੇ) ਹੋਏ ਪਏ ਹਨ।

**ਪਏ ਕਬੂਲੁ ਖਸੰਮ ਨਾਲਿ,**
**ਜਾਂ ਘਾਲ ਮਰਦੀ ਘਾਲੀ ॥**

*ਉਚਾਰਣ-ਸੇਧ :*

ਮਰਦੀ—ਅੰਤਲੇ ਸ੍ਵਰ ਦਾ ਉਚਾਰਣ ਨਾਸਿਕਤਾ ਰਹਿਤ।

*ਪਦ-ਅਰਥ :*

ਪਏ ਕਬੂਲੁ—ਪਰਵਾਨ ਹੋਏ। ਖਸੰਮ—ਮਾਲਕ। ਨਾਲਿ—ਨਾਲ ਮਿਲ ਕੇ, ਭਾਵ, ਦਰ ਉੱਤੇ। ਜਾਂ—ਜਦੋਂ। ਘਾਲ—ਘਾਲਣਾ। ਮਰਦੀ—ਮਰਦਊਪੁਣੇ ਵਾਲੀ।

*ਅਰਥ :*

(ਗੁਰੂ ਦੇ ਅਨਿੰਨ ਸਿਖ-ਸੇਵਕ ਬਣ ਕੇ ਭਾਈ ਲਹਣਾ ਜੀ ਨੇ) ਜਦੋਂ (ਗੁਰ-ਹੁਕਮਾਂ ਦੀ ਪਾਲਨਾ ਸਦਕਾ) ਮਰਦਊਪੁਣੇ ਵਾਲੀ ਬਿਖਮ ਘਾਲਣਾ ਘਾਲੀ ਤਾਂ ਮਾਲਕ (ਗੁਰੂ ਨਾਨਕ ਦੇਵ ਜੀ) ਨਾਲ ਬਣ ਆਈ ਅਤੇ ਉਹਨਾਂ ਦੀ ਨਦਰ ਵਿਚ ਪਰਵਾਨ ਹੋ ਗਏ।

**ਮਾਤਾ ਖੀਵੀ ਸਹੁ ਸੋਇ,**
**ਜਿਨਿ ਗੋਇ ਉਠਾਲੀ ॥੩॥**

*ਪਦ-ਅਰਥ :*

ਸਹੁ—ਪਤੀ। ਸੋਇ—ਉਹ ਹੈ, ਅਜਿਹਾ ਹੈ। ਜਿਨਿ—ਜਿਸ ਨੇ। ਗੋਇ—ਧਰਤੀ, ਸ੍ਰਿਸ਼ਟੀ। ਉਠਾਲੀ—ਉਠਾਈ ਹੋਈ ਹੈ।

***ਅਰਥ :***

ਮਾਤਾ ਖੀਵੀ (ਜੀ ਦਾ) ਸੁਭਾਗਾ ਪਤੀ (ਗੁਰੂ ਅੰਗਦ ਦੇਵ ਜੀ) ਅਜਿਹਾ (ਪਰ-ਉਪਕਾਰੀ) ਹੈ, ਜਿਸ ਨੇ ਸ੍ਰਿਸ਼ਟੀ (ਦੇ ਉੱਧਾਰ) ਦੀ ਜ਼ਿੰਮੇਵਾਰੀ ਚੁੱਕੀ ਹੋਈ ਹੈ॥੩॥

**ਹੋਰਿੰਓ ਗੰਗ ਵਹਾਈਐ,**
**ਦੁਨਿਆਈ ਆਖੈ ਕਿ ਕਿਓਨੁ॥**

***ਪਦ-ਅਰਥ :***

ਹੋਰਿੰਓ—ਹੋਰ ਪਾਸੇ ਵਲੋਂ। ਵਹਾਈਐ—ਵਹਾ ਦਿੱਤੀ ਹੈ। ਦੁਨਿਆਈ—ਲੋਕਾਈ। ਕਿ ਕਿਓਨੁ—ਇਹ ਕੀ ਕੀਤਾ ਹੈ ਉਸ ਨੇ!

***ਅਰਥ :***

ਲੋਕਾਈ ਆਖਦੀ ਹੈ, ਉਸ (ਗੁਰੂ ਨਾਨਕ ਦੇਵ ਜੀ) ਨੇ ਇਹ ਕੀ ਕੀਤਾ! (ਪੁੱਤਰਾਂ ਦੀ ਬਜਾਏ ਸੇਵਕ ਨੂੰ ਗੁਰਿਆਈ ਦੇ ਕੇ ਮਾਨੋ) ਗੰਗਾ (ਦੀ ਧਾਰਾ) ਹੋਰ ਪਾਸੇ ਵਲੋਂ (ਉਲਟੀ) ਵਹਾ ਦਿੱਤੀ ਹੈ।

**ਨਾਨਕ ਈਸਰਿ ਜਗ ਨਾਥਿ,**
**ਉਚਹਦੀ ਵੈਣੁ ਵਿਰਿਕਿਓਨੁ॥**

***ਉਚਾਰਣ-ਸੇਧ :***

ਉਚ-ਹਦੀ— (੧) [ਸਮਾਸੀ ਸ਼ਬਦ] ਇਸ ਦਾ 'ਉਚਹਿੰਦੀ' ਪਾਠ ਕਰਨਾ ਅਸ਼ੁੱਧ ਹੈ।
(੨) 'ਹਦੀ'—'ਦ' ਦੀ ਧੁਨੀ ਦਾ ਉਚਾਰਣ ਬਲ-ਸਹਿਤ।

ਜਗ ਨਾਥਿ—(੧) [ਸਮਾਸੀ ਸ਼ਬਦ] 'ਗ' ਦੀ ਧੁਨੀ ਦਾ ਉਚਾਰਣ ਬਲ-ਸਹਿਤ।
(੨) ਇਸ ਦਾ 'ਜਗਨ-ਨਾਥ' ਉਚਾਰਣ ਕਰਨਾ ਗ਼ਲਤ ਹੈ।

***ਪਦ-ਅਰਥ :***

ਈਸਰਿ—ਮਾਲਕ ਨੇ। ਜਗ ਨਾਥਿ—ਜਗਤ ਦੇ ਸੁਆਮੀ ਨੇ।

ਉਚਹਦੀ—ਉੱਚੀ ਹੱਦ ਵਾਲਾ, ਸਰਬ-ਸ੍ਰੇਸ਼ਟ। ਵੈਣੁ—ਬਚਨ। ਵਿਰਿਕਿਓਨੁ—ਵਿਰਕਿਆ ਹੈ, (ਬੋਲਿਆ ਹੈ) ਉਸ ਨੇ।

***ਅਰਥ :***

ਉਸ ਜਗਤ ਦੇ ਮਾਲਕ (ਗੁਰੂ) ਨਾਨਕ ਸੁਆਮੀ ਜੀ ਨੇ ਉੱਚੀ ਹੱਦ ਵਾਲਾ (ਸਰਬ-ਉਚ ਬਚਨ) ਉਚਾਰਿਆ ਹੈ। [ਕਿ ਗੁਰੂ-ਗੱਦੀ ਦਾ ਵਾਰਿਸ ਸ਼ਰਧਾ-ਭਾਵਨਾ ਵਾਲਾ ਸਿਖ-ਸੇਵਕ ਹੀ ਹੋ ਸਕਦਾ ਹੈ।]

**ਮਾਧਾਣਾ ਪਰਬਤੁ ਕਰਿ, ਨੇਤ੍ਰਿ ਬਾਸਕੁ,**
**ਸਬਦਿ ਰਿੜਕਿਓਨੁ ॥**

***ਪਦ-ਅਰਥ :***

ਨੇਤ੍ਰਿ—ਨੇਤ੍ਰੇ ਵਜੋਂ। ਬਾਸਕੁ—ਸੱਪਾਂ ਦਾ ਰਾਜਾ, ਮਨ ਰੂਪੀ ਨਾਗ। ਸਬਦਿ—ਗੁਰ-ਸ਼ਬਦ ਦੁਆਰਾ। ਰਿੜਕਿਓਨੁ—ਉਸ ਨੇ ਰਿੜਕਿਆ ਹੈ।

***ਅਰਥ :***

(ਜਿਵੇਂ ਮਿਥਿਹਾਸਕ ਗਾਥਾ ਅਨੁਸਾਰ ਦੇਵਤਿਆਂ ਨੇ ਸੁਮੇਰ ਪਰਬਤ ਦਾ ਮਧਾਣਾ ਬਣਾ ਕੇ, ਸ਼ੇਸ਼ਨਾਗ ਦਾ ਨੇਤ੍ਰਾ ਪਾ ਕੇ ਖੀਰ ਸਮੁੰਦਰ ਨੂੰ ਰਿੜਕਿਆ ਅਤੇ ਵਿਚੋਂ ਚੌਦਹ ਰਤਨ ਕੱਢੇ, ਏਵੇਂ ਹੀ) ਉਸ (ਗੁਰੂ ਨਾਨਕ ਦੇਵ ਜੀ) ਨੇ ਪਰਬਤ-ਰੂਪ ਗੁਰ-ਸ਼ਬਦ ਨੂੰ ਮਧਾਣਾ ਬਣਾ ਕੇ ਅਤੇ ਮਨ-ਨਾਗ ਨੂੰ ਨੇਤ੍ਰੇ ਵਜੋਂ ਪਾ ਕੇ ਗੁਰ-ਸ਼ਬਦ (ਮਧਾਣੇ) ਦੁਆਰਾ ਸਰੀਰ-ਸਮੁੰਦਰ ਨੂੰ ਰਿੜਕਿਆ।

**ਚਉਦਹ ਰਤਨ ਨਿਕਾਲਿਅਨੁ,**
**ਕਰਿ ਆਵਾਗਉਣੁ ਚਿਲਕਿਓਨੁ ॥**

***ਉਚਾਰਣ-ਸੇਧ :***

ਚਉਦਹ—'ਹ' ਦਾ ਉਚਾਰਣ 'ਹਿ' ਕਰਨਾ ਠੀਕ ਨਹੀਂ।

***ਪਦ-ਅਰਥ :***

ਆਵਾ-ਗਉਣੁ—ਆਵਾ-ਗਉਣੀ ਸੰਸਾਰ। ਚਿਲਕਿਓਨੁ—ਉਸ ਨੇ ਲਿਸ਼ਕਾਇਆ, ਪ੍ਰਕਾਸ਼ਮਾਨ ਕੀਤਾ।

***ਅਰਥ :***

ਉਸ (ਗੁਰੂ ਨਾਨਕ ਦੇਵ ਜੀ) ਨੇ (ਸਰੀਰ-ਸਮੁੰਦਰ) ਵਿਚੋਂ (ਦੈਵੀ ਗੁਣਾਂ ਰੂਪੀ) ਚੌਦਹ ਰਤਨ ਕੱਢੇ ਅਤੇ ਇਸ ਤਰ੍ਹਾਂ (ਆਵਾ-ਗਉਣ ਦੇ ਮੂਲ) ਵਿਸ਼ਵ-ਸੰਸਾਰ ਨੂੰ (ਦੈਵੀ ਗੁਣਾਂ ਨਾਲ) ਭੂਸ਼ਤ ਕੀਤਾ (ਸ਼ਿੰਗਾਰਿਆ)।

**ਕੁਦਰਤਿ ਅਹਿ ਵੇਖਾਲੀਅਨੁ,**
**ਜਿਣਿ ਐਵਡ ਪਿਡ ਠਿਣਕਿਓਨੁ ॥**

***ਪਦ-ਅਰਥ :***

ਕੁਦਰਤਿ—ਲੀਲ੍ਹਾ। ਅਹਿ—ਅਜਿਹੀ। ਵੇਖਾਲੀਅਨੁ—ਉਸ ਨੇ ਵਿਖਾਈ ਹੈ। ਜਿਣਿ—ਜਿੱਤੀ ਹੈ। ਐਵਡ—ਏਡੀ ਵੱਡੀ। ਪਿਡ—ਪਿੜ (ਬਾਜ਼ੀ)। ਠਿਣਕਿਓਨੁ—ਉਸ (ਗੁਰੂ ਨਾਨਕ ਦੇਵ ਜੀ) ਨੇ ਇਸਥਿਤ ਕੀਤਾ।

***ਅਰਥ :***

ਉਸ (ਗੁਰੂ ਨਾਨਕ ਦੇਵ ਜੀ) ਨੇ ਅਜਿਹੀ ਅਸਚਰਜ ਲੀਲ੍ਹਾ ਵਿਖਾਈ ਕਿ ਜਿਸ (ਭਾਈ ਲਹਣਾ ਜੀ) ਨੇ (ਸਿੱਖੀ-ਪਰਖ ਦੀ) ਏਡੀ ਵੱਡੀ ਪਿੜ (ਬਾਜ਼ੀ) ਜਿੱਤ ਲਈ, ਉਸ ਨੂੰ (ਗੁਰੂ-ਗੱਦੀ ਉੱਤੇ) ਇਸਥਿਤ ਕਰ ਦਿੱਤਾ।

**ਲਹਣੇ ਧਰਿਓਨੁ ਛਤ੍ਰੁ ਸਿਰਿ,**
**ਅਸਮਾਨਿ ਕਿਆੜਾ ਛਿਕਿਓਨੁ ॥**

***ਪਦ-ਅਰਥ :***

ਸਿਰਿ—ਸਿਰ ਉੱਤੇ। ਧਰਿਓਨੁ—ਉਸ ਨੇ ਧਰਿਆ। ਅਸਮਾਨਿ—ਅਸਮਾਨ (ਆਕਾਸ਼) ਤਕ। ਕਿਆੜਾ—ਗਿੱਚੀ, ਸਿਰ, ਗੌਰਵ। ਛਿਕਿਓਨੁ—ਉਸ ਨੇ ਸਿਰ, ਭਾਵ, ਗੌਰਵ (ਅਸਮਾਨ ਤਕ) ਅਪੜਾਇਆ ਹੈ।

***ਅਰਥ :***

(ਭਾਈ) ਲਹਣਾ (ਜੀ) ਦੇ ਸਿਰ ਉੱਤੇ ਉਸ (ਗੁਰੂ ਨਾਨਕ ਦੇਵ ਜੀ) ਨੇ (ਗੁਰਿਆਈ ਦਾ) ਛਤਰ ਧਰਿਆ ਅਤੇ ਉਸ ਦਾ ਸਿਰ (ਗੌਰਵ) ਆਕਾਸ਼ ਤਕ ਅਪੜਾਅ ਦਿੱਤਾ।

**ਜੋਤਿ ਸਮਾਣੀ ਜੋਤਿ ਮਾਹਿ,**
**ਆਪੁ ਆਪੈ ਸੇਤੀ ਮਿਕਿਓਨੁ ॥**

***ਪਦ-ਅਰਥ :***

ਸਮਾਣੀ—ਸਮਾਅ (ਲੀਨ ਹੋ) ਗਈ। ਮਾਹਿ—ਵਿਚ। ਆਪੁ—ਆਪਣਾ ਆਪਾ। ਸੇਤੀ—ਨਾਲ। ਮਿਕਿਓਨੁ—ਉਸ ਨੇ ਇਕ-ਮਿਕ ਕਰ ਦਿੱਤਾ।

***ਅਰਥ :***

ਉਸ (ਗੁਰੂ ਨਾਨਕ ਦੇਵ ਜੀ) ਨੇ ਗੁਰੂ-ਜੋਤਿ (ਭਾਈ ਲਹਣਾ ਜੀ ਦੀ) ਜੋਤਿ ਵਿਚ ਲੀਨ ਕਰ ਦਿੱਤੀ ਹੈ ਅਤੇ ਇੰਜ ਆਪਣਾ ਨੂਰੀ ਆਪਾ (ਭਾਈ ਲਹਣਾ ਜੀ ਦੇ) ਆਪੇ ਨਾਲ ਇਕ-ਮਿਕ ਕਰ ਦਿੱਤਾ।

**ਸਿਖਾਂ ਪੁਤ੍ਰਾਂ ਘੋਖਿ ਕੈ**
**ਸਭ ਉਮਤਿ ਵੇਖਹੁ ਜਿ ਕਿਓਨੁ ॥**
**ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥**

***ਪਦ-ਅਰਥ :***

ਘੋਖਿ ਕੈ—ਪਰਖ-ਨਿਰਖ ਕੇ। ਉਮਤਿ—ਸਿਖ-ਸੰਗਤਿ। ਵੇਖਹੁ—ਵੇਖੋ। ਜਿ ਕਿਓਨੁ—ਜੋ ਕੁਝ ਉਸ ਨੇ ਕੀਤਾ। ਜਾਂ ਸੁਧੋਸੁ—ਜਦੋਂ ਉਸ (ਭਾਈ ਲਹਣਾ ਜੀ) ਨੂੰ ਸੋਧ ਲਿਆ।

***ਅਰਥ :***

ਸਾਰੀ ਸਿਖ-ਸੰਗਤਿ! ਵੇਖਹੁ! ਜਿਹੜਾ (ਅਚਰਜ ਕੌਤਕ) ਉਸ (ਗੁਰੂ ਨਾਨਕ ਦੇਵ ਜੀ) ਨੇ ਕੀਤਾ, ਸਿੱਖਾਂ-ਸੇਵਕਾਂ ਅਤੇ ਪੁੱਤਰਾਂ ਨੂੰ ਪਰਖ-ਨਿਰਖ ਕੇ ਜਦੋਂ ਉਸ (ਭਾਈ ਲਹਣਾ ਜੀ) ਨੂੰ ਪੂਰਨ ਤੌਰ 'ਤੇ ਸੋਧ ਲਿਆ ਤਾਂ ਉਸ (ਗੁਰੂ ਨਾਨਕ ਦੇਵ ਜੀ) ਨੇ ਭਾਈ ਲਹਣਾ (ਗੁਰੂ) ਥਾਪ ਦਿੱਤਾ ॥੪॥

**ਫੇਰਿ ਵਸਾਇਆ ਫੇਰੁਆਣਿ**
**ਸਤਿਗੁਰਿ ਖਾਡੂਰੁ ॥**

***ਉਚਾਰਣ-ਸੇਧ :***

ਫੇਰੁਆਣਿ—ਇਕੱਠਾ ਸ਼ਬਦ 'ਰ' ਨੂੰ ਲੱਗੇ ਔਂਕੜ ਦਾ ਉਚਾਰਣ ਛਡਣਾ ਨਹੀਂ।

***ਪਦ-ਅਰਥ :***

ਫੇਰਿ—ਫਿਰ। ਵਸਾਇਆ—ਆਬਾਦ ਕੀਤਾ। ਫੇਰੁਆਣਿ—ਬਾਬਾ ਫੇਰੂ ਜੀ ਦੇ ਸਪੁੱਤਰ (ਗੁਰੂ ਅੰਗਦ ਦੇਵ ਜੀ) ਨੇ।

***ਅਰਥ :***

ਫਿਰ, (ਬਾਬਾ) ਫੇਰੂ (ਜੀ) ਦੇ ਸਪੁੱਤਰ, ਸਤਿਗੁਰੂ (ਸ੍ਰੀ ਅੰਗਦ ਦੇਵ ਜੀ) ਨੇ ਖਡੂਰ (ਨਗਰ) ਨੂੰ ਸਿੱਖੀ ਦਾ ਪਰਚਾਰ-ਕੇਂਦਰ ਬਣਾ ਕੇ ਆਬਾਦ ਕੀਤਾ।

**ਜਪੁ ਤਪੁ ਸੰਜਮੁ ਨਾਲਿ ਤੁਧੁ,**
**ਹੋਰੁ ਮੁਚੁ ਗਰੂਰੁ ॥**

***ਪਦ-ਅਰਥ :***

ਜਪੁ—ਵਾਹਿਗੁਰੂ-ਨਾਮ ਦਾ ਜਾਪ। ਤਪੁ—ਹੁਕਮ ਕਮਾਉਣ ਦੀ ਬਿਖਮ ਕਾਰ। ਸੰਜਮੁ—ਇੰਦ੍ਰਿਆਂ ਦਾ ਵਿਕਾਰਾਂ ਵਲੋਂ ਸੰਕੋਚ। ਨਾਲਿ ਤੁਧੁ—ਤੇਰੇ ਪਾਸ ਹੈ। ਮੁਚੁ—ਸਾਰਾ ਕੁਝ, ਬਹੁਤ। ਗਰੂਰੁ—ਗ਼ਰੂਰ, ਹੰਕਾਰ।

***ਅਰਥ :***

(ਸ੍ਰੀ ਗੁਰੂ ਅੰਗਦ ਦੇਵ ਜੀ !) ਤੇਰੇ ਪਾਸ ਜਪ, ਤਪ ਅਤੇ ਸੰਜਮ (ਆਦਿ ਦੈਵੀ-ਗੁਣਾਂ ਰੂਪੀ ਸੰਪਤੀ) ਹੈ। ਹੋਰ ਸਾਰਾ ਜਗਤ ਬਹੁਤ ਹੰਕਾਰ ਹੀ (ਪੱਲੇ ਬੰਨ੍ਹੀ ਫਿਰਦਾ) ਹੈ।

**ਲਬੁ ਵਿਣਾਹੇ ਮਾਣਸਾ**
**ਜਿਉ ਪਾਣੀ ਬੂਰੁ ॥**

***ਉਚਾਰਣ-ਸੇਧ :***

ਮਾਣਸਾ, ਜਿਉ—ਅੰਤਲੇ ਸੂਰਾਂ ਦਾ ਉਚਾਰਣ ਨਾਸਕੀ।

***ਪਦ-ਅਰਥ :***

ਲਬੁ—ਲੋਭ-ਲਾਲਚ। ਵਿਣਾਹੇ—ਵਿਨਾਸ਼ ਕਰਦਾ ਹੈ। ਮਾਣਸਾ—ਮਨੁੱਖਾਂ ਦਾ। ਬੂਰੁ—ਪਾਣੀ ਦਾ ਜਾਲਾ।

***ਅਰਥ :***

ਲੋਭ-ਲਾਲਚ ਮਨੁੱਖਾਂ ਦਾ ਇਉਂ ਵਿਨਾਸ਼ ਕਰਦਾ ਹੈ, ਜਿਵੇਂ ਪਾਣੀ ਨੂੰ (ਉੱਤੇ ਆਇਆ) ਬੂਰ (ਵਿਗਾੜਦਾ ਹੈ)।

**ਵਰ੍ਹਿਐ ਦਰਗਹ ਗੁਰੂ ਕੀ,**
**ਕੁਦਰਤੀ ਨੂਰੁ ॥**

***ਉਚਾਰਣ-ਸੇਧ :***

ਦਰਗਹ—'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਦਰੁਸਤ ਨਹੀਂ।

***ਅਰਥ :***

ਗੁਰੂ ਦੀ ਦਰਗਾਹ (ਦਰਬਾਰ) ਵਿਚ (ਨਾਮ-ਬਾਣੀ ਦੇ ਪ੍ਰਵਾਹ ਦੇ ਰੂਪ ਵਿਚ) ਰੱਬੀ ਨੂਰ ਵਰਸਦਾ ਹੈ (ਜਿਸ ਦੇ ਫਲ-ਸਰੂਪ ਇਥੇ ਹਰ ਕੋਈ ਨੂਰੋ-ਨੂਰ ਹੋਇਆ ਪਿਆ ਹੈ)।

**ਜਿਤੁ ਸੁ ਹਾਥ ਨ ਲਭਈ,**
**ਤੂੰ ਓਹੁ ਠਰੂਰੁ ॥**

***ਪਦ-ਅਰਥ :***

ਜਿਤੁ—ਜਿਸ ਵਿਚਲੀ। ਸੁ—ਕਾਵਿਕ ਸੁਹਜ-ਸੁਆਦ। ਹਾਥ—ਡੂੰਘਾਈ। ਠਰੂਰੁ—ਠਰਿਆ ਹੋਇਆ ਸਾਗਰ, ਸੀਤਲ-ਸਾਗਰ।

***ਅਰਥ :***

(ਹੇ ਸਤਿਗੁਰੂ!) ਤੂੰ (ਹਿਰਦੇ ਵਿਚ ਠੰਢ ਵਰਤਾਉਣ ਵਾਲਾ) ਉਹ ਸੀਤਲ-ਸਾਗਰ ਹੈਂ, ਜਿਸ ਵਿਚਲੀ ਥਾਹ (ਡੂੰਘਾਈ) ਨਹੀਂ ਲੱਭੀ ਜਾ ਸਕਦੀ।

**ਨਉਨਿਧਿ ਨਾਮੁ ਨਿਧਾਨੁ ਹੈ,**
**ਤੁਧੁ ਵਿਚਿ ਭਰਪੂਰੁ ॥**

***ਪਦ-ਅਰਥ :***

ਨਉਨਿਧਿ—ਨੌਂ ਖ਼ਜ਼ਾਨੇ। ਨਿਧਾਨੁ—ਖ਼ਜ਼ਾਨਾ। ਭਰਪੂਰੁ—ਲਬਾ-ਲਬ ਭਰਿਆ ਹੋਇਆ।

***ਅਰਥ :***

ਹੇ ਸਤਿਗੁਰੂ ਪਾਤਿਸ਼ਾਹ! ਸੰਸਾਰ ਦੇ ਨੌਂ ਮਾਇਕੀ ਖ਼ਜ਼ਾਨਿਆਂ ਤੋਂ ਸਿਰਮੌਰ ਸਦੀਵਕਾਲ ਭਰਪੂਰ ਨਾਮ-ਖ਼ਜ਼ਾਨਾ ਤੇਰੇ ਵਿਚ ਮੌਜੂਦ ਹੈ।

**ਨਿੰਦਾ ਤੇਰੀ ਜੋ ਕਰੇ,**
**ਸੋ ਵੰਞੈ ਚੂਰੁ॥**

***ਪਦ-ਅਰਥ :***

ਵੰਞੈ—ਜਾਂਦਾ ਹੈ, ਹੋ ਜਾਂਦਾ ਹੈ। ਚੂਰੁ—ਚੂਰਾ ਚੂਰਾ, ਚਕਨਾਚੂਰ।

***ਅਰਥ :***

(ਹੇ ਸਤਿਗੁਰੂ!) ਜੋ ਜੋ ਜੀਵ ਤੇਰੀ ਨਿੰਦਿਆ ਕਰਦਾ ਹੈ, ਉਹ ਚਕਨਾ-ਚੂਰ (ਬਰਬਾਦ) ਹੋ ਜਾਂਦਾ ਹੈ।

**ਨੇੜੈ ਦਿਸੈ ਮਾਤ-ਲੋਕ,**
**ਤੁਧੁ ਸੁਝੈ ਦੂਰੁ॥**

***ਪਦ-ਅਰਥ :***

ਮਾਤ-ਲੋਕ—ਮਾਤ-ਲੋਕ ਨੂੰ, ਭਾਵ, ਦੁਨੀਆਵੀ ਲੋਕਾਂ ਨੂੰ। ਨੇੜੈ—ਨੇੜੇ ਵਸਦਾ ਮਾਇਕੀ ਪਦ-ਪਦਾਰਥ। ਦੂਰੁ—ਪਰਾ-ਭੌਤਕ ਆਤਮ ਮੰਡਲ।

***ਅਰਥ :***

ਦੁਨੀਆਵੀ ਲੋਕਾਂ ਨੂੰ ਨੇੜੇ ਵਸਦਾ ਸੰਸਾਰਕ ਪਦ-ਪਦਾਰਥ ਹੀ ਸੁਝਦਾ ਹੈ (ਉਨ੍ਹਾਂ ਦੀ ਮਾਇਆ-ਵਾਦੀ ਲਘੂ-ਦ੍ਰਿਸ਼ਟੀ ਹੈ) ਪਰ ਤੈਨੂੰ ਦੂਰ (ਲੋਕ-ਪਰਲੋਕ) ਸਾਰਾ ਕੁਝ ਸੁਝਦਾ ਹੈ, ਭਾਵ, ਮ੍ਰਿਤ-ਮੰਡਲ ਤੋਂ ਇਲਾਵਾ ਤੈਨੂੰ ਆਤਮ-ਮੰਡਲ ਦੀ ਵੀ ਸੋਝੀ ਹੈ, ਭਾਵ, ਤੂੰ ਪਾਰਦਰਸ਼ੀ ਹੈਂ।

**ਫੇਰਿ ਵਸਾਇਆ ਫੇਰੁਆਣਿ**
**ਸਤਿਗੁਰਿ ਖਾਡੂਰੁ ॥੫॥**

***ਉਚਾਰਣ-ਸੇਧ :***

ਫੇਰੁਆਣਿ—ਇਕੱਠਾ ਸ਼ਬਦ 'ਰ' ਨੂੰ ਲੱਗੇ ਔਂਕੜ ਦਾ ਉਚਾਰਣ ਛੱਡਣਾ ਨਹੀਂ।

***ਪਦ-ਅਰਥ :***

ਫੇਰਿ—ਫਿਰ। ਵਸਾਇਆ—ਆਬਾਦ ਕੀਤਾ। ਫੇਰੁਆਣਿ—ਬਾਬਾ ਫੇਰੂ ਜੀ ਦੇ ਸਪੁੱਤਰ (ਗੁਰੂ ਅੰਗਦ ਦੇਵ ਜੀ) ਨੇ।

***ਅਰਥ :***

ਫਿਰ (ਬਾਬਾ) ਫੇਰੂ (ਜੀ) ਦੇ ਸਪੁੱਤਰ ਸਤਿਗੁਰੂ (ਸ੍ਰੀ ਅੰਗਦ ਦੇਵ ਜੀ) ਨੇ ਖਡੂਰ (ਨਗਰ) ਨੂੰ ਸਿੱਖੀ ਪਰਚਾਰ ਦਾ ਕੇਂਦਰ ਬਣਾ ਕੇ ਆਬਾਦ ਕੀਤਾ ॥੫॥

**ਸੋ ਟਿਕਾ ਸੋ ਬੈਹਣਾ, ਸੋਈ ਦੀਬਾਣੁ ॥**
**ਪਿਯੂ ਦਾਦੇ ਜੇਵਿਹਾ, ਪੋਤਾ ਪਰਵਾਣੁ ॥**

***ਉਚਾਰਣ-ਸੇਧ :***

ਪਿਯੂ—ਉਚਾਰਣ 'ਪਿਊ'।

***ਪਦ-ਅਰਥ :***

ਟਿਕਾ—ਨਾਮ-ਨੀਸ਼ਾਨ। ਬੈਹਣਾ—ਬੈਠਣ ਲਈ ਰੱਬੀ-ਸੱਤਾ-ਸੰਪੰਨ ਤਖ਼ਤ। ਦੀਬਾਣੁ—ਦਰਬਾਰ। ਪਿਯੂ—ਪਿਤਾ-ਗੁਰੂ (ਗੁਰੂ ਅੰਗਦ ਦੇਵ ਜੀ)। ਦਾਦੇ ਜੇਵਿਹਾ—ਦਾਦਾ-ਗੁਰੂ (ਗੁਰੂ ਨਾਨਕ ਦੇਵ ਜੀ) ਵਰਗਾ। ਜੇਵਿਹਾ—ਜਿਹਾ, ਵਰਗਾ। ਪੋਤਾ—ਪੋਤਰਾ (ਗੁਰੂ ਅਮਰਦਾਸ ਜੀ)। ਪਰਵਾਣੁ—ਮਾਨਨੀਕ।

***ਅਰਥ :***

ਗੁਰੂ-ਵੰਸ ਦਾ ਨਾਦੀ-ਪੋਤਰਾ, ਗੁਰੂ (ਗੁਰੂ ਅਮਰਦਾਸ ਜੀ) ਆਪਣੇ ਪਿਤਾ-ਗੁਰੂ (ਗੁਰੂ ਅੰਗਦ ਦੇਵ ਜੀ) ਅਤੇ ਦਾਦਾ-ਗੁਰੂ (ਗੁਰੂ ਨਾਨਕ ਦੇਵ ਜੀ) ਵਰਗਾ ਮਾਨਨੀਕ (ਪਰਵਾਣ) ਹੈ। (ਗੁਰੂ ਅਮਰਦਾਸ ਜੀ ਦੇ ਮੱਥੇ 'ਤੇ) ਓਹ ਹੀ (ਪਹਿਲੇ ਸਤਿਗੁਰਾਂ ਵਾਲਾ ਟਿੱਕਾ) ਨਾਮ-ਨੀਸ਼ਾਨ ਹੈ, (ਬੈਠਣ ਲਈ) ਓਹੋ

ਹੀ ਰੱਬੀ ਸੱਤਾ-ਸੰਪੰਨ ਤਖ਼ਤ ਹੈ ਅਤੇ ਓਹੋ ਹੀ (ਬਖ਼ਸ਼ਸ਼ਾਂ ਵੰਡਣ ਵਾਲਾ) ਗੁਰੂ-ਦਰਬਾਰ ਹੈ।

**ਜਿਨਿ ਬਾਸਕੁ ਨੇਤ੍ਰੈ ਘਤਿਆ, ਕਰਿ ਨੇਹੀ ਤਾਣੁ ॥**
**ਜਿਨਿ ਸਮੁੰਦੁ ਵਿਰੋਲਿਆ, ਕਰਿ ਮੇਰੁ ਮਧਾਣੁ ॥**

***ਪਦ-ਅਰਥ :***

ਜਿਨਿ—ਜਿਸ (ਸਤਿਗੁਰੂ ਅਮਰਦਾਸ ਜੀ) ਨੇ। ਬਾਸਕੁ—ਸੱਪਾਂ ਦਾ ਰਾਜਾ, ਨਾਗ। ਘਤਿਆ—ਪਾਇਆ। ਨੇਹੀ—ਨੇਹਣੀ। ਤਾਣੁ—ਆਤਮ-ਬਲ। ਵਿਰੋਲਿਆ—ਰਿੜਕਿਆ। ਮੇਰੁ—ਸੁਮੇਰ ਪਰਬਤ। ਮਧਾਣੁ—ਮਧਾਣਾ।

***ਅਰਥ :***

(ਜਿਵੇਂ ਮਿਥਿਹਾਸਕ ਗਾਥਾ ਅਨੁਸਾਰ ਦੇਵਤਿਆਂ ਨੇ ਸੁਮੇਰ ਪਰਬਤ ਦਾ ਮਧਾਣਾ ਬਣਾ ਕੇ, ਸ਼ੇਸ਼ਨਾਗ ਦਾ ਨੇਤ੍ਰਾ ਪਾ ਕੇ ਖੀਰ-ਸਮੁੰਦਰ ਨੂੰ ਰਿੜਕਿਆ ਅਤੇ ਚੌਦਾਂ ਰਤਨ ਕੱਢੇ, ਏਵੇਂ ਹੀ) ਜਿਸ (ਸਤਿਗੁਰੂ ਅਮਰਦਾਸ ਜੀ) ਨੇ ਗੁਰ-ਸ਼ਬਦ ਨੂੰ ਮਧਾਣਾ ਬਣਾ ਕੇ, ਆਤਮ-ਬਲ ਨੂੰ ਨੇਹਣੀ ਬਣਾ ਕੇ, ਮਨ-ਨਾਗ ਨੂੰ ਨੇਤ੍ਰੇ ਵਜੋਂ ਪਾਇਆ ਅਤੇ ਸਰੀਰ-ਸਮੁੰਦਰ ਨੂੰ ਰਿੜਕਿਆ।

**ਚਉਦਹ ਰਤਨ ਨਿਕਾਲਿਅਨੁ**
**ਕੀਤੋਨੁ ਚਾਨਾਣੁ ॥**

***ਉਚਾਰਣ-ਸੇਧ :***

ਚਉਦਹ—'ਹ' ਦਾ ਉਚਾਰਣ 'ਹਿ' ਕਰਨਾ ਦਰੁਸਤ ਨਹੀਂ।

***ਪਦ-ਅਰਥ :***

ਨਿਕਾਲਿਅਨੁ—ਉਸ ਨੇ ਕੱਢੇ। ਕੀਤੋਨੁ—ਉਸ ਨੇ ਕੀਤਾ। ਚਾਨਾਣੁ—ਗਿਆਨ-ਚਾਨਣਾ।

***ਅਰਥ :***

(ਸਤਿਗੁਰੂ ਅਮਰਦਾਸ ਜੀ ਨੇ ਸਰੀਰ-ਸਮੁੰਦਰ ਵਿਚੋਂ ਨਾਮ-ਅੰਮ੍ਰਿਤ ਅਤੇ ਦੈਵੀ ਗੁਣਾਂ ਮਈ) ਚੌਦਾਂ ਰਤਨ ਕੱਢੇ ਅਤੇ (ਵਿਸ਼ਵ-ਸੰਸਾਰ ਉੱਤੇ) ਰੱਬੀ ਨੂਰ ਪਸਾਰਿਆ।

**ਘੋੜਾ ਕੀਤੋ ਸਹਜ ਦਾ,**
**ਜਤੁ ਕੀਓ ਪਲਾਣੁ ॥**

***ਉਚਾਰਣ-ਸੇਧ :***

ਸਹਜ—'ਹ' ਦਾ ਉਚਾਰਣ 'ਹਿ' ਕਰਨਾ ਠੀਕ ਨਹੀਂ।

***ਪਦ-ਅਰਥ :***

ਸਹਜ—ਆਤਮ-ਗਿਆਨ। ਜਤੁ—ਬ੍ਰਹਮ-ਚਰਜ (ਸੁੱਚੇ ਆਚਰਣ) ਨੂੰ। ਪਲਾਣੁ—ਕਾਠੀ, ਜ਼ੀਨ।

***ਅਰਥ :***

(ਗੁਰੂ ਅਮਰਦਾਸ ਜੀ ਨੇ ਵਿਕਾਰਾਂ ਉੱਤੇ ਧਾਈ ਕਰਨ ਲਈ) ਆਤਮ-ਗਿਆਨ ਨੂੰ ਘੋੜਾ ਬਣਾਇਆ, ਜਤ (ਸੁੱਚੇ ਆਚਰਣ) ਨੂੰ ਕਾਠੀ ਬਣਾਇਆ।

**ਧਣਖੁ ਚੜਾਇਓ ਸਤ ਦਾ**
**ਜਸ ਹੰਦਾ ਬਾਣੁ ॥**

***ਉਚਾਰਣ-ਸੇਧ :***

ਚੜਾਇਓ—'ੜ' ਉਚਾਰਣ ਭਾਰ-ਸਹਿਤ।

***ਪਦ-ਅਰਥ :***

ਧਣਖੁ—ਕਮਾਣ। ਸਤ ਦਾ—ਸਤ-ਵਾਦੀ ਸੁਭਾਅ ਦਾ। ਜਸ ਹੰਦਾ—ਪ੍ਰਭੂ-ਜਸ ਦਾ, ਸਿਫ਼ਤਿ-ਸਾਲਾਹ ਦਾ। ਹੰਦਾ—ਸੰਦਾ, ਦਾ। ਬਾਣੁ—ਤੀਰ।

***ਅਰਥ :***

(ਵਿਕਾਰਾਂ ਨਾਲ ਜੁੱਧ ਕਰਨ ਲਈ) ਸਤ (ਸਤਵਾਦੀ ਸੁਭਾਅ) ਦੀ ਕਮਾਣ ਅਤੇ ਪ੍ਰਭੂ-ਜਸ (ਸਿਫ਼ਤਿ-ਸਾਲਾਹ) ਦਾ ਤੀਰ ਬਣਾ ਕੇ (ਚਿੱਲਾ) ਚੜ੍ਹਾਇਆ।

**ਕਲਿ ਵਿਚਿ ਧੂ ਅੰਧਾਰੁ ਸਾ,**
**ਚੜਿਆ ਰੈ ਭਾਣੁ ॥**

***ਉਚਾਰਣ-ਸੇਧ :***

ਚੜਿਆ—'ੜ' ਉਚਾਰਣ ਭਾਰ-ਸਹਿਤ।

ਰੈ-ਭਾਣੁ—ਸਮਾਸੀ ਸ਼ਬਦ।

***ਪਦ-ਅਰਥ :***

ਕਲਿ—ਕਲ-ਕਲੇਸ਼ ਭਰੇ ਸੰਸਾਰ ਵਿਚ। ਧੂ-ਅੰਧਾਰੁ—ਘੁੱਪ ਅੰਨ੍ਹੇਰਾ। ਸਾ—ਸੀ। ਰੈ-ਭਾਣੁ—ਨੂਰੀ ਕਿਰਨਾਂ ਵਾਲਾ ਸੂਰਜ।

***ਅਰਥ :***

ਕਲ (-ਕਲੇਸ਼ ਭਰੇ ਸੰਸਾਰ) ਵਿਚ (ਅਗਿਆਨਤਾ ਦਾ) ਘੁੱਪ ਅੰਨ੍ਹੇਰਾ (ਛਾਇਆ ਹੋਇਆ) ਸੀ, ਗੁਰੂ ਅਮਰਦਾਸ ਜੀ ਮਾਨੋ ਨੂਰੀ ਕਿਰਨਾਂ ਵਾਲਾ ਸੂਰਜ ਬਣ ਕੇ ਉਦੈ ਹੋਇਆ।

**ਸਤਹੁ ਖੇਤੁ ਜਮਾਇਓ,**
**ਸਤਹੁ ਛਾਵਾਣੁ ॥**

***ਉਚਾਰਣ-ਸੇਧ :***

ਸਤਹੁ—'ਹੁ' ਉਚਾਰਣ ਨਾਸਕੀ।

***ਪਦ-ਅਰਥ :***

ਸਤਹੁ—ਸਚ-ਨਾਮ ਤੋਂ। ਛਾਵਾਣੁ—ਛਾਇਆਵਾਨ, ਰਖਵਾਲਾ।

***ਅਰਥ :***

ਸਚ-ਨਾਮ ਤੋਂ (ਸਤ, ਸੰਤੋਖ ਆਦਿ ਦੈਵੀ-ਗੁਣਾਂ ਦਾ) ਖੇਤ ਜਮਾਇਆ ਅਤੇ (ਦੈਵੀ-ਗੁਣਾਂ ਦੀ ਹਰੀ-ਅੰਗੂਰੀ ਦੀ ਰਖਿਆ ਲਈ) ਸਚ-ਨਾਮ ਤੋਂ ਹੀ ਇਸ ਉੱਤੇ ਛਾਇਆ ਕਰਨ ਵਾਲਾ (ਛਾਇਆਵਾਨ) ਬਣਾਇਆ ਹੈ।

**ਨਿਤ ਰਸੋਈ ਤੇਰੀਐ,**
**ਘਿਉ ਮੈਦਾ ਖਾਣੁ ॥**

***ਪਦ-ਅਰਥ :***

ਰਸੋਈ ਤੇਰੀਐ—ਤੇਰੀ ਰਸੋਈ (ਲੰਗਰ) ਵਿਚ। ਖਾਣੁ—ਖੰਡ।

***ਅਰਥ :***

(ਗੁਰੂ ਅਮਰਦਾਸ ਜੀ !) ਤੇਰੀ ਰਸੋਈ (ਲੰਗਰ) ਵਿਚ ਨਿਤਾਪ੍ਰਤਿ ਘਿਉ, ਮੈਦਾ ਅਤੇ ਖੰਡ (ਨਾਲ ਬਣਿਆ) ਸੁਆਦਿਸ਼ਟ ਅਤੇ ਸਨਿਗਧ ਭੋਜਨ (ਵਰਤਦਾ) ਹੈ।

**ਚਾਰੇ ਕੁੰਡਾ ਸੁਝੀਓਸੁ,**
**ਮਨ ਮਹਿ ਸਬਦੁ ਪਰਵਾਣੁ ॥**

***ਉਚਾਰਣ-ਸੇਧ :***

ਕੁੰਡਾ—ਅੰਤਲੇ ਸੂਰ ਦਾ ਉਚਾਰਣ ਨਾਸਕੀ।

***ਪਦ-ਅਰਥ :***

ਚਾਰੇ ਕੁੰਡਾ—ਚਾਰੇ ਕੁੰਟਾਂ (ਪੂਰਬ, ਪੱਛਮ, ਉੱਤਰ, ਦੱਖਣ) ਸਮੁੱਚੇ ਸੰਸਾਰ-ਭਵਨ ਦੀ। ਸੁਝੀਓਸੁ—ਉਸ ਨੂੰ ਸੋਝੀ ਹੋ ਗਈ। ਮਹਿ—ਵਿਚ। ਪਰਵਾਣੁ—ਦ੍ਰਿੜ੍ਹ ਕਰ ਲਿਆ।

***ਅਰਥ :***

(ਜਿਸ ਜਿਸ ਜੀਵ ਨੇ) ਮਨ ਵਿਚ ਗੁਰ-ਸ਼ਬਦ ਨੂੰ ਦ੍ਰਿੜ੍ਹ ਕਰ ਲਿਆ, ਉਸ ਉਸ ਨੂੰ ਚਹੁੰਆਂ ਕੁੰਡਾਂ, ਭਾਵ, ਸਮੁੱਚੇ ਸੰਸਾਰ-ਭਵਨ ਦੀ ਸੋਝੀ ਹੋ ਗਈ।

**ਆਵਾ ਗਉਣੁ ਨਿਵਾਰਿਓ,**
**ਕਰਿ ਨਦਰਿ ਨੀਸਾਣੁ ॥**

***ਪਦ-ਅਰਥ :***

ਆਵਾ ਗਉਣੁ—ਜਨਮ-ਮਰਨ। ਨਿਵਾਰਿਓ—ਮੁਕਾਅ ਦਿੱਤਾ। ਨਦਰਿ—ਮਿਹਰ ਦੀ ਦ੍ਰਿਸ਼ਟੀ। ਨੀਸਾਣੁ—ਨਾਮ-ਨੀਸ਼ਾਨ (ਪਰਵਾਨਗੀ ਦਾ ਚਿੰਨ੍ਹ)।

***ਅਰਥ :***

(ਗੁਰੂ ਅਮਰਦਾਸ ਜੀ ਨੇ) ਮਿਹਰ ਦੀ ਨਦਰਿ ਦੁਆਰਾ (ਉਸ ਜੀਵ ਦੇ ਮੱਥੇ 'ਤੇ) ਨਾਮ-ਨੀਸ਼ਾਨ ਲਾ ਕੇ ਉਸ ਦਾ ਜਨਮ-ਮਰਨ (ਦਾ ਗੇੜਾ) ਮੁਕਾਅ ਦਿੱਤਾ।

**ਅਉਤਰਿਆ ਅਉਤਾਰੁ ਲੈ**
**ਸੋ ਪੁਰਖੁ ਸੁਜਾਣੁ ॥**

***ਉਚਾਰਣ-ਸੇਧ :***

ਅਉਤਰਿਆ—ਉਚਾਰਣ ਨਾਸਿਕਤਾ ਬਿਨਾਂ।

***ਪਦ-ਅਰਥ :***

ਅਉਤਰਿਆ—ਉਤਰਿਆ, ਪ੍ਰਕਾਸ਼ਮਾਨ ਹੋਇਆ। ਸੋ ਪੁਰਖੁ ਸੁਜਾਣੁ—ਉਹ ਸੁਜਾਨ ਪੁਰਖ।

***ਅਰਥ :***

ਉਹ ਸੁਜਾਨ ਪੁਰਖ (ਜੋਤਿ-ਸਰੂਪ ਗੁਰੂ ਨਾਨਕ ਦੇਵ ਜੀ, ਕਲਾ ਵਰਤਾਅ ਕੇ ਗੁਰੂ ਅਮਰਦਾਸ ਜੀ ਦੇ ਰੂਪ ਵਿਚ) ਅਵਤਾਰ ਲੈ ਕੇ (ਮਾਤ-ਲੋਕ ਵਿਚ) ਪ੍ਰਕਾਸ਼ਮਾਨ ਹੋਇਆ ਹੈ।

**ਝਖੜਿ ਵਾਉ ਨ ਡੋਲਈ,**
**ਪਰਬਤੁ ਮੇਰਾਣੁ ॥**

***ਪਦ-ਅਰਥ :***

ਝਖੜਿ—ਝੱਖੜ ਨਾਲ। ਵਾਉ—ਅੰਨ੍ਹੇਰੀ। ਮੇਰਾਣੁ—ਸੁਮੇਰ।

***ਅਰਥ :***

(ਗੁਰੂ ਅਮਰਦਾਸ ਜੀ) ਸੁਮੇਰ ਪਰਬਤ (ਵਾਂਗ ਅਚੱਲ) ਸੰਸਾਰ ਵਿਖੇ ਝੁਲ ਰਹੀ (ਤ੍ਰਿਸ਼ਨਾ ਦੀ) ਅੰਨ੍ਹੇਰੀ ਅਤੇ (ਕਲ-ਕਲੇਸ਼ ਦੇ) ਝੱਖੜ ਨਾਲ ਕਦਾਚਿਤ ਡੋਲਦਾ ਨਹੀਂ।

**ਜਾਣੈ ਬਿਰਥਾ ਜੀਅ ਕੀ,**
**ਜਾਣੀ ਹੂ ਜਾਣੁ ॥**

***ਉਚਾਰਣ-ਸੇਧ :***

ਜੀਅ—ਅੰਤਲਾ 'ਅ' ਮੁਕਤਾ ਹੈ। ਇਸ ਦਾ ਉਚਾਰਣ 'ਆ' ਨਾ ਬਣੇ!

***ਪਦ-ਅਰਥ :***

ਬਿਰਥਾ—ਪੀੜਾ, ਦਰਦ। ਜੀਅ ਕੀ—ਦਿਲ ਦੀ। ਜਾਣੀ ਹੂ ਜਾਣੁ—ਧੁਰ-ਅੰਦਰ ਦੀਆਂ ਜਾਣਨ ਵਾਲਾ, ਅੰਤਰਜਾਮੀ।

***ਅਰਥ :***

(ਗੁਰੂ ਅਮਰਦਾਸ ਜੀ) ਵੱਡਾ ਅੰਤਰਜਾਮੀ ਹੈ, (ਹਰੇਕ ਦੇ) ਦਿਲ ਦੀ ਪੀੜਾ ਨੂੰ ਭਲੀ ਪ੍ਰਕਾਰ ਜਾਣਦਾ ਹੈ।

**ਕਿਆ ਸਾਲਾਹੀ ਸਚੇ ਪਾਤਿਸਾਹ,**
**ਜਾਂ ਤੂ ਸੁਘੜੁ ਸੁਜਾਨੁ ॥**

***ਉਚਾਰਣ-ਸੇਧ :***

ਸਾਲਾਹੀ—ਅੰਤਲੇ ਸੂਰ ਦਾ ਉਚਾਰਣ ਨਾਸਕੀ।
ਪਾਤਿਸਾਹ—'ਸ' ਉਚਾਰਣ ਵਿਸ਼ੇਸ਼ ਧੁਨੀ।

***ਪਦ-ਅਰਥ :***

ਸਾਲਾਹੀ—ਮੈਂ ਸਿਫ਼ਤ ਕਰਾਂ। ਸੁਘੜੁ—ਸੁਚੱਜੀ (ਨੂਰੀ) ਘਾੜਤ ਵਾਲਾ। ਸੁਜਾਨੁ—ਭਲੀ ਪ੍ਰਕਾਰ ਜਾਣਨ ਵਾਲਾ, ਅੰਤਰਜਾਮੀ।

***ਅਰਥ :***

(ਉਪਰੋਕਤ ਗੁਣਾਂ ਦੇ ਮਾਲਕ) ਹੇ ਸੱਚੇ ਪਾਤਸ਼ਾਹ! (ਮੈਂ ਤੇਰੀ) ਕੀ ਸਿਫ਼ਤ ਕਰਾਂ, ਜਦ ਕਿ ਤੂੰ ਨੂਰੀ ਘਾੜਤ ਵਾਲਾ ਅੰਤਰਜਾਮੀ ਪੁਰਖ ਹੈਂ।

**ਦਾਨੁ ਜਿ ਸਤਿਗੁਰ ਭਾਵਸੀ,**
**ਸੋ ਸਤੇ ਦਾਣੁ ॥**

***ਪਦ-ਅਰਥ :***

ਜਿ—ਜਿਹੜਾ। ਭਾਵਸੀ—ਚੰਗਾ ਲਗਦਾ ਹੈ। ਦਾਣੁ—ਦਾਨ, ਬਖ਼ਸ਼ੀਸ਼।

***ਅਰਥ :***

ਜਿਹੜਾ ਦਾਨ (ਦੇਣਾ) ਆਪ ਸਤਿਗੁਰੂ ਜੀ ਨੂੰ ਚੰਗਾ ਲਗਦਾ ਹੈ, ਉਹ (ਦਾਸ) ਸਤੇ ਵਾਸਤੇ ਮਹਾਂ-ਦਾਨ (ਵੱਡੀ ਬਖ਼ਸ਼ੀਸ਼) ਹੈ।

**ਨਾਨਕ ਹੰਦਾ ਛਤ੍ਰ ਸਿਰਿ,**
**ਉਮਤਿ ਹੈਰਾਣੁ ॥**

***ਉਚਾਰਣ-ਸੇਧ :***

ਉਮਤਿ—'ਮ' ਦੀ ਧੁਨੀ ਦਾ ਉਚਾਰਣ ਬਲ-ਸਹਿਤ।

***ਪਦ-ਅਰਥ :***

ਹੰਦਾ—ਸੰਦਾ, ਦਾ। ਸਿਰਿ—ਸਿਰ ਉੱਤੇ। ਉਮਤਿ—ਸਿਖ ਸੰਗਤਿ। ਹੈਰਾਣੁ—ਵਿਸਮਾਦ।

***ਅਰਥ :***

(ਗੁਰੂ ਅਮਰਦਾਸ ਜੀ ਦੇ) ਸੀਸ ਉੱਤੇ ਗੁਰੂ ਨਾਨਕ ਦੇਵ ਜੀ ਵਾਲਾ (ਗੁਰਿਆਈ ਦਾ) ਨੂਰੀ-ਛਤਰ ਝੁਲ ਰਿਹਾ ਹੈ। ਸਾਰੀ ਸਿਖ ਸੰਗਤਿ ਸਾਧਾਰਨ (ਸਿਖ ਤੋਂ ਗੁਰੂ ਹੋ ਨਿਬੜਨ ਦਾ ਅਸਚਰਜ ਕੌਤਕ ਵੇਖ ਕੇ) ਵਿਸਮਾਦ ਹੋ ਰਹੀ ਹੈ।

**ਸੋ ਟਿਕਾ ਸੋ ਬੈਹਣਾ,**
**ਸੋਈ ਦੀਬਾਣੁ ॥**

***ਪਦ-ਅਰਥ :***

ਟਿਕਾ—ਨਾਮ-ਨੀਸ਼ਾਨ। ਬੈਹਣਾ—ਬੈਠਣ ਲਈ ਰੱਬੀ-ਸੱਤਾ-ਸੰਪੰਨ ਤਖ਼ਤ। ਦੀਬਾਣੁ—ਗੁਰੂ-ਦਰਬਾਰ।

***ਅਰਥ :***

(ਗੁਰੂ ਅਮਰਦਾਸ ਜੀ ਦੇ ਮੱਥੇ ਉੱਤੇ) ਓਹੋ (ਪਹਿਲੇ ਸਤਿਗੁਰਾਂ ਵਾਲਾ) ਨਾਮ-ਨੀਸ਼ਾਨ ਹੈ, ਓਹੋ ਹੀ ਰੱਬੀ-ਸੱਤਾ-ਸੰਪੰਨ ਤਖ਼ਤ ਹੈ ਅਤੇ ਓਹ ਹੀ (ਬਖ਼ਸ਼ਸ਼ਾਂ ਵੰਡਣ ਵਾਲਾ) ਗੁਰੂ-ਦਰਬਾਰ ਹੈ।

**ਪਿਯੂ ਦਾਦੇ ਜੇਵਿਹਾ**
**ਪੋਤ੍ਰਾ ਪਰਵਾਣੁ ॥੬॥**

***ਉਚਾਰਣ-ਸੇਧ :***

ਪਿਯੂ—ਉਚਾਰਣ 'ਪਿਊ'।

**ਪਦ-ਅਰਥ :**

ਪਿਊ—ਪਿਤਾ-ਗੁਰੂ (ਗੁਰੂ ਅੰਗਦ ਦੇਵ ਜੀ)। ਦਾਦੇ ਜੇਵਿਹਾ—ਦਾਦਾ-ਗੁਰੂ (ਗੁਰੂ ਨਾਨਕ ਦੇਵ ਜੀ) ਵਰਗਾ। ਪੋਤ੍ਰਾ—ਪੋਤਰਾ (ਗੁਰੂ ਅਮਰਦਾਸ ਜੀ)। ਪਰਵਾਣੁ—ਮਾਨਨੀਕ।

**ਅਰਥ :**

ਗੁਰੂ-ਵੰਸ਼ ਦਾ ਨਾਦੀ ਪੋਤਰਾ-ਗੁਰੂ (ਸ੍ਰੀ ਗੁਰੂ ਅਮਰਦਾਸ ਜੀ) ਆਪਣੇ ਪਿਤਾ-ਗੁਰੂ (ਗੁਰੂ ਅੰਗਦ ਦੇਵ ਜੀ), ਦਾਦਾ-ਗੁਰੂ (ਗੁਰੂ ਨਾਨਕ ਦੇਵ ਜੀ) ਵਰਗਾ ਮਾਨਨੀਕ ਹੈ॥੬॥

**ਧੰਨੁ ਧੰਨੁ ਰਾਮਦਾਸ ਗੁਰੁ,**
**ਜਿਨਿ ਸਿਰਿਆ ਤਿਨੈ ਸਵਾਰਿਆ॥**

**ਪਦ-ਅਰਥ :**

ਜਿਨਿ—ਜਿਸ (ਪਾਰਬ੍ਰਹਮ) ਨੇ। ਸਿਰਿਆ—ਰਚਿਆ, ਪੈਦਾ ਕੀਤਾ। ਸਵਾਰਿਆ—ਸਵਾਰਿਆ-ਸ਼ਿੰਗਾਰਿਆ।

**ਅਰਥ :**

(ਸ੍ਰੀ) ਗੁਰੂ ਰਾਮਦਾਸ (ਜੀ) ਧੰਨ ਹੈ, ਧੰਨ ਹੈ, ਜਿਸ (ਪਾਰਬ੍ਰਹਮ) ਨੇ (ਆਪ ਜੀ ਨੂੰ) ਸਿਰਜਿਆ ਹੈ, ਓਸੇ ਨੇ ਹੀ (ਆਪ ਜੀ ਨੂੰ ਰੱਬੀ ਨੂਰ ਨਾਲ) ਸਵਾਰਿਆ-ਸ਼ਿੰਗਾਰਿਆ ਹੈ।

**ਪੂਰੀ ਹੋਈ ਕਰਾਮਾਤਿ,**
**ਆਪਿ ਸਿਰਜਣਹਾਰੈ ਧਾਰਿਆ॥**

**ਪਦ-ਅਰਥ :**

ਕਰਾਮਾਤਿ—ਅਦਭੁਤ-ਕ੍ਰਿਸ਼ਮਾ। ਸਿਰਜਣਹਾਰੈ—ਰਚਨਹਾਰ ਕਰਤਾਰ ਨੇ। ਧਾਰਿਆ—ਸਥਾਪਿਤ ਕੀਤਾ।

**ਅਰਥ :**

ਸਿਰਜਨਹਾਰ ਕਰਤਾਰ ਨੇ ਖ਼ੁਦ (ਸ੍ਰੀ ਗੁਰੂ ਰਾਮਦਾਸ ਜੀ ਨੂੰ ਇਕ

ਸਿਖ-ਸੇਵਕ ਤੋਂ ਗੁਰੂ-ਗੱਦੀ ਉੱਤੇ ਲਿਆ) ਸਥਾਪਿਤ ਕੀਤਾ ਹੈ, ਇਸ ਤਰ੍ਹਾਂ ਸੰਸਾਰ ਉੱਤੇ ਇਕ ਵਿਆਪਕ ਕਰਾਮਾਤ (ਕ੍ਰਿਸ਼ਮਾ) ਵਾਪਰੀ ਹੈ।

**ਸਿਖੀ ਅਤੈ ਸੰਗਤੀ,**
**ਪਾਰਬ੍ਰਹਮੁ ਕਰਿ ਨਮਸਕਾਰਿਆ॥**

***ਉਚਾਰਣ-ਸੇਧ :***

ਸਿਖੀ—(ਸਿੱਖਾਂ ਨੇ) ਅੰਤਲੇ ਸੁਰ ਦਾ ਉਚਾਰਣ ਨਾਸਕੀ।
ਸੰਗਤੀ—(ਸੰਗਤਾਂ ਨੇ) ਅੰਤਲੇ ਸੁਰ ਦਾ ਉਚਾਰਣ ਨਾਸਕੀ।

***ਪਦ-ਅਰਥ :***

ਸਿਖੀ—ਸਿੱਖਾਂ ਨੇ। ਸੰਗਤੀ—ਸੰਗਤਾਂ ਨੇ। ਕਰਿ—ਕਰ ਕੇ, ਜਾਣ ਕੇ। ਨਮਸਕਾਰਿਆ—ਨਮਸਕਾਰ ਕੀਤੀ ਹੈ।

***ਅਰਥ :***

(ਆਪ ਜੀ ਦੇ ਰੱਬੀ ਗੁਣਾਂ ਦੇ ਪੁੰਜ ਹੋਣ ਸਦਕਾ) ਸਿੱਖਾਂ ਅਤੇ ਸੰਗਤਾਂ ਨੇ (ਗੁਰੂ ਰਾਮਦਾਸ ਜੀ ਨੂੰ) ਗੁਰੂ-ਪਰਮੇਸ਼ਰ ਜਾਣ ਕੇ ਸਤਿਕਾਰਿਆ ਹੈ।

**ਅਟਲੁ ਅਥਾਹੁ ਅਤੋਲੁ ਤੂ,**
**ਤੇਰਾ ਅੰਤੁ ਨ ਪਾਰਾਵਾਰਿਆ॥**

***ਪਦ-ਅਰਥ :***

ਅਟਲੁ—ਕਾਇਮ-ਦਾਇਮ। ਅਥਾਹੁ—ਗੰਭੀਰ। ਅਤੋਲੁ—ਨਾ ਤੋਲੇ ਜਾ ਸਕਣ ਵਾਲਾ, ਗੌਰਵਸ਼ੀਲ। ਪਾਰਾਵਾਰਿਆ—ਹਦ-ਬੰਨਾ।

***ਅਰਥ :***

(ਗੁਰੂ ਰਾਮਦਾਸ ਜੀ !) ਤੂੰ ਅਟੱਲ (ਕਾਇਮ-ਦਾਇਮ), ਅਥਾਹ (ਗੰਭੀਰ) ਅਤੇ ਅਤੋਲ (ਗੌਰਵਸ਼ੀਲ) ਹੈਂ, ਤੇਰਾ ਅੰਤ, ਅਥਵਾ, ਪਾਰਾਵਾਰ (ਹਦ-ਬੰਨਾ) ਨਹੀਂ (ਪਾਇਆ ਜਾ ਸਕਦਾ), ਭਾਵ, ਤੂੰ ਬੇਅੰਤ ਹੈਂ।

**ਜਿਨ੍ਹੀ ਤੂੰ ਸੇਵਿਆ ਭਾਉ ਕਰਿ,**
**ਸੇ ਤੁਧੁ ਪਾਰਿ ਉਤਾਰਿਆ॥**

***ਪਦ-ਅਰਥ :***

ਜਿਨ੍ਹੀ—ਜਿਨ੍ਹਾਂ (ਸਿੱਖਾਂ ਸੇਵਕਾਂ) ਨੇ। ਸੇਵਿਆ—ਹੁਕਮ ਮੰਨਿਆ ਹੈ। ਭਾਉ—ਪ੍ਰੇਮ, ਸ਼ਰਧਾ-ਭਾਵਨਾ। ਸੇ—ਉਹ (ਬਹੁ-ਵਚਨ)। ਪਾਰਿ ਉਤਾਰਿਆ—ਪਾਰ ਉਤਾਰ ਦਿੱਤੇ ਹਨ, ਪਾਰ ਲੰਘਾਅ ਦਿੱਤੇ ਹਨ। ਉਤਾਰਿਆ—[ਉਤਾਰੇ + ਆ ਦੀ ਸੰਧੀ]

***ਅਰਥ :***

ਜਿਨ੍ਹਾਂ (ਸਿੱਖਾਂ-ਸੇਵਕਾਂ) ਨੇ ਆਪ ਜੀ ਨੂੰ ਸ਼ਰਧਾ-ਭਾਵਨੀ ਸਹਿਤ ਸੇਵਿਆ ਹੈ (ਹੁਕਮ ਕਮਾਇਆ ਹੈ), ਉਹ ਆਪ ਜੀ ਨੇ (ਭਵ-ਸਾਗਰ ਤੋਂ) ਪਾਰ ਲੰਘਾ ਦਿੱਤੇ ਹਨ।

**ਲਬੁ ਲੋਭੁ ਕਾਮੁ ਕ੍ਰੋਧੁ ਮੋਹੁ,**
**ਮਾਰਿ ਕਢੇ ਤੁਧੁ ਸਪਰਵਾਰਿਆ ॥**

***ਪਦ-ਅਰਥ :***

ਲਬੁ ਲੋਭੁ—ਲੋਭ-ਲਾਲਚ। ਸਪਰਵਾਰਿਆ—ਪਰਿਵਾਰ (ਆਸੁਰੀ ਸੰਪਦਾ) ਸਮੇਤ।

***ਅਰਥ :***

(ਸਿੱਖਾਂ-ਸੇਵਕਾਂ ਅੰਦਰੋਂ) ਲੋਭ-ਲਾਲਚ, ਕਾਮ, ਕ੍ਰੋਧ ਅਤੇ ਮੋਹ, ਭਾਵ, ਇਹ ਸਾਰੇ ਵਿਕਾਰ, ਇਹਨਾਂ ਦੇ ਪਰਿਵਾਰ (ਸਮੁੱਚੀ ਆਸੁਰੀ ਸੰਪਦਾ) ਸਮੇਤ ਆਪ ਜੀ ਨੇ ਮਾਰ ਕੱਢੇ ਹਨ।

**ਧੰਨੁ ਸੁ ਤੇਰਾ ਥਾਨੁ ਹੈ,**
**ਸਚੁ ਤੇਰਾ ਪੈਸਕਾਰਿਆ ॥**

***ਪਦ-ਅਰਥ :***

ਪੈਸਕਾਰਿਆ—ਹਜ਼ੂਰੀ ਵ੍ਹਿਚ ਹੁਕਮੀ ਕਾਰ ਕਰਨ ਵਾਲਾ ਸੇਵਕ-ਦਲ।

***ਅਰਥ :***

ਤੇਰਾ ਅਸਥਾਨ (ਆਤਮ-ਦਾਨ ਵੰਡਣ ਵਾਲਾ ਗੁਰੂ-ਦਰ) ਧੰਨ ਹੈ ਅਤੇ ਏਥੇ ਤੇਰਾ ਸੇਵਕ-ਦਲ ਸਦਾ ਕਾਇਮ-ਦਾਇਮ ਹੈ।

**ਨਾਨਕੁ ਤੂ, ਲਹਣਾ ਤੂ ਹੈ,**
**ਗੁਰੁ ਅਮਰੁ ਤੂ ਵੀਚਾਰਿਆ ॥**

***ਉਚਾਰਣ-ਸੇਧ :***

ਲਹਣਾ—'ਹ' ਦਾ ਉਚਾਰਣ 'ਹਿ' ਕਰਨਾ ਠੀਕ ਨਹੀਂ।

ਹੈ—ਉਚਾਰਣ ਨਾਸਕੀ।

***ਪਦ-ਅਰਥ :***

ਵੀਚਾਰਿਆ—ਸਮਝਿਆ ਹੋਇਆ ਹੈ।

***ਅਰਥ :***

(ਗੁਰੂ ਰਾਮਦਾਸ ਜੀ!) ਤੂੰ ਗੁਰੂ ਨਾਨਕ-ਸਰੂਪ ਹੈਂ, ਗੁਰੂ ਅੰਗਦ-ਸਰੂਪ ਵੀ ਤੂੰ ਹੀ ਹੈਂ, ਤੈਨੂੰ ਹੀ (ਸਿਖ-ਸੰਗਤਿ ਨੇ) ਗੁਰੂ ਅਮਰ-ਸਰੂਪ ਜਾਣਿਆ ਹੈ।

**ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥**

***ਪਦ-ਅਰਥ :***

ਸਾਧਾਰਿਆ—ਹਰਾ-ਭਰਾ ਹੋ ਗਿਆ।

***ਅਰਥ :***

ਜਦੋਂ (ਕਿਸੇ ਨੇ) ਗੁਰੂ-ਦੀਦਾਰ ਪਰਸਿਆ [.....ਸੂਕਾ ਮਨੁ ਸਾਧਾਰੈ (੬੧੮)] ਤਦੋਂ (ਉਸਦਾ) ਮਨ ਹਰਾ-ਭਰਾ ਹੋ ਗਿਆ ॥੭॥

**ਚਾਰੇ ਜਾਗੇ ਚਹੁ ਜੁਗੀ,**
**ਪੰਚਾਇਣੁ ਆਪੇ ਹੋਆ ॥**

***ਉਚਾਰਣ-ਸੇਧ :***

ਚਹੁ-ਜੁਗੀ—(ਸਮਾਸੀ ਸ਼ਬਦ) 'ਜੁਗੀ' ਦੇ ਅੰਤਲੇ ਸੂਰ ਦਾ ਉਚਾਰਣ ਨਾਸਿਕਤਾ ਬਿਨਾਂ।

***ਪਦ-ਅਰਥ :***

ਚਾਰੇ—ਚਾਰੇ (ਸਤਿਗੁਰੂ)। ਚਹੁ-ਜੁਗੀ—ਚਹੁ ਜੁਗਾਂ (ਦੇ ਜੀਵਾਂ) ਦਾ

ਉਧਾਰ ਕਰਨ ਵਾਲੇ। ਪੰਚਾਇਣੁ—ਸਲੇਸ ਅਲੰਕਾਰ ਅਨੁਸਾਰ ਦੋ ਅਰਥ ਹਨ : ੧. ਪਰਮੇਸ਼ਰ, ੨. ਪੰਚਮ ਸਰੂਪ (ਗੁਰੂ ਅਰਜਨ ਦੇਵ ਜੀ)।

***ਅਰਥ :***

ਚਹੁ-ਜੁਗੀ (ਚਹੁ-ਜੁਗਾਂ ਦੇ ਜੀਵਾਂ ਦਾ ਉਧਾਰ ਕਰਨਹਾਰ) ਚਾਰੇ ਸਤਿਗੁਰੂ ਜੀ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤਕ) (ਆਪੋ ਆਪਣੇ ਸਮੇਂ ਅੰਤਰ-ਆਤਮੇ ਪ੍ਰਭੂ ਨਾਲ ਅਭੇਦ ਹੋਏ ਹੋਏ) ਆਤਮ-ਜਾਗ੍ਰਤਾ ਵਿਚ ਜਾਗੇ, ਪੰਚਾਇਣੁ (ਪਰਮੇਸ਼ਰ) ਆਪ ਹੀ (ਕਲਾ ਵਰਤਾਅ ਕੇ) ਪੰਚਮ-ਗੁਰਦੇਵ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ) ਪ੍ਰਗਟ ਹੋਇਆ ਹੈ।

**ਆਪੀਨੈ੍ ਆਪੁ ਸਾਜਿਓਨੁ,**
**ਆਪੇ ਹੀ ਥੰਮਿ੍ ਖਲੋਆ॥**

***ਉਚਾਰਣ-ਸੇਧ :***

ਥੰਮਿ੍—'ਮ' ਉਚਾਰਣ ਭਾਰ-ਸਹਿਤ।

***ਪਦ-ਅਰਥ :***

ਆਪੀਨੈ੍—ਆਪ ਹੀ ਨੇ। ਸਾਜਿਓਨੁ—ਰਚਿਆ ਹੈ ਉਸ (ਪ੍ਰਭੂ) ਨੇ। ਥੰਮਿ੍ ਖਲੋਆ—ਸਹਾਰਾ ਦੇ ਰਿਹਾ ਹੈ।

***ਅਰਥ :***

ਉਸ (ਪੰਚਾਇਣੁ-ਪ੍ਰਭੂ) ਨੇ ਆਪ ਹੀ ਆਪਣਾ ਆਪ (ਨੂਰੀ-ਆਪਾ) ਰਚਿਆ, ਆਪੇ ਹੀ (ਆਪਣੀ ਸਿਰਜੀ ਰਚਨਾ ਨੂੰ) ਸਹਾਰਾ ਦੇ ਰਿਹਾ ਹੈ।

**ਆਪੇ ਪਟੀ, ਕਲਮ ਆਪਿ,**
**ਆਪਿ ਲਿਖਣਹਾਰਾ ਹੋਆ॥**

***ਅਰਥ :***

(ਜੀਵਾਂ ਦੀ ਅਗਵਾਈ ਲਈ ਪੂਰਨੇ ਪਾਉਣ ਖ਼ਾਤਰ ਪੰਚਾਇਣੁ-ਪ੍ਰਭੂ) ਆਪ ਹੀ ਪੱਟੀ ਹੈ, ਆਪ ਹੀ ਕਲਮ ਹੈ ਅਤੇ ਆਪ ਹੀ ਲਿਖਣ (ਪੂਰਨੇ ਪਾਉਣ) ਵਾਲਾ ਹੈ। ਭਾਵ, ਸਭ ਕੁਝ ਆਪ ਹੀ ਆਪ ਹੈ।

**ਸਭ ਉਮਤਿ ਆਵਣ ਜਾਵਣੀ,**
**ਆਪੇ ਹੀ ਨਵਾ ਨਿਰੋਆ॥**

*ਉਚਾਰਣ-ਸੇਧ :*

ਉਮਤਿ—'ਉ' ਉਚਾਰਣ ਬਲ-ਸਹਿਤ।

*ਪਦ-ਅਰਥ :*

ਸਭ ਉਮਤਿ—ਸਾਰੀ ਲੋਕਾਈ। ਆਵਣ ਜਾਵਣੀ—ਜੰਮਣ ਮਰਨ ਵਾਲੀ। ਨਵਾ ਨਿਰੋਆ—ਨਵਲ-ਨਵੇਲ, ਨਿਤ ਨਵਾਂ।

*ਅਰਥ :*

ਸਾਰੀ ਲੋਕਾਈ ਜੰਮਣ ਮਰਨ ਦੇ ਗੇੜ ਵਿਚ ਹੈ, (ਜੋਤਿ-ਸਰੂਪ ਪੰਚਾਇਣੁ-ਪ੍ਰਭੂ ਅਤੇ ਜੋਤਿ-ਸਰੂਪ ਸਤਿਗੁਰੂ) ਆਪ ਸਦਾ ਨਵਲ-ਨਵੇਲ, ਭਾਵ, ਨਿਤ ਨਵਾਂ ਹੀ ਹੈ।

**ਤਖਤਿ ਬੈਠਾ ਅਰਜਨ ਗੁਰੂ,**
**ਸਤਿਗੁਰ ਕਾ ਖਿਵੈ ਚੰਦੋਆ॥**

*ਪਦ-ਅਰਥ :*

ਤਖਤਿ—(ਗੁਰਿਆਈ ਦੇ) ਤਖ਼ਤ ਉੱਤੇ। ਖਿਵੈ—ਚਮਕਦਾ, ਝਿਲਮਿਲ ਝਿਲਮਿਲ ਕਰਦਾ ਹੈ।

*ਅਰਥ :*

(ਗੁਰਿਆਈ ਦੇ ਆਤਮ-ਸੱਤਾ-ਸੰਪੰਨ) ਤਖ਼ਤ ਉੱਤੇ ਸ੍ਰੀ ਗੁਰੂ ਅਰਜਨ ਦੇਵ (ਜੀ) ਬਿਰਾਜਮਾਨ ਹੈ, (ਰੱਬੀ ਨੂਰ ਨਾਲ) ਸਤਿਗੁਰੂ ਜੀ ਦਾ ਚੰਦੋਆ ਝਿਲਮਿਲ ਝਿਲਮਿਲ ਕਰ ਰਿਹਾ ਹੈ।

**ਉਗਵਣਹੁ ਤੈ ਆਥਵਣਹੁ,**
**ਚਹੁ ਚਕੀ ਕੀਅਨੁ ਲੋਆ॥**

*ਉਚਾਰਣ-ਸੇਧ :*

ਉਗਵਣਹੁ, ਆਥਵਣਹੁ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।

ਚਹੁ ਚਕੀ—ਅੰਤਲੇ ਸੂਰ ਦਾ ਉਚਾਰਣ ਨਾਸਕੀ।

***ਪਦ-ਅਰਥ :***

ਉਗਵਣਹੁ—ਸੂਰਜ ਦੇ ਉਦੈ ਹੋਣ ਦੇ ਸਮੇਂ ਤੋਂ। ਆਥਵਣਹੁ—ਸੂਰਜ ਅਸਤ ਹੋਣ ਦੇ ਸਮੇਂ ਤੋਂ। ਚਹੁ ਚਕੀ—ਚਹੁਆਂ ਕੁੰਟਾਂ ਵਿਚ। ਕੀਅਨੁ ਲੋਆ—ਉਸ ਨੇ ਪ੍ਰਕਾਸ਼ਮਾਨ ਕੀਤੇ ਹਨ।

***ਅਰਥ :***

ਉਸ (ਸਤਿਗੁਰੂ ਜੀ) ਨੇ ਸੂਰਜ ਉਦੈ ਹੋਣ ਦੇ ਸਮੇਂ ਤੋਂ ਲੈ ਕੇ ਅਸਤ ਹੋਣ ਦੇ ਸਮੇਂ ਤਕ ਅਤੇ ਅਸਤ ਹੋਣ ਦੇ ਸਮੇਂ ਤੋਂ ਲੈ ਕੇ ਉਦੈ ਹੋਣ ਦੇ ਸਮੇਂ ਤਕ (ਭਾਵ, ਸਦੀਵਕਾਲ ਜੀਵਾਂ ਦੇ ਹਿਰਦੇ ਗਿਆਨ-ਚਾਨਣ ਨਾਲ) ਪ੍ਰਕਾਸ਼ਮਾਨ ਕੀਤੇ ਹਨ।

**ਜਿਨੀ ਗੁਰੂ ਨ ਸੇਵਿਓ,**
**ਮਨਮੁਖਾ ਪਇਆ ਮੋੁਆ ॥**

***ਉਚਾਰਣ-ਸੇਧ :***

ਜਿਨੀ, ਮਨਮੁਖਾ—ਅੰਤਲੇ ਸੂਰਾਂ ਦਾ ਉਚਾਰਣ ਨਾਸਕੀ।
ਮੋੁਆ—ਉਚਾਰਣ 'ਮੋਆ'।

***ਪਦ-ਅਰਥ :***

ਜਿਨੀ—ਜਿਨ੍ਹਾਂ ਨੇ। ਨ ਸੇਵਿਓ—ਨ ਸੇਵਿਆ, ਹੁਕਮ ਨਾ ਮੰਨਿਆ। ਮੋੁਆ—ਜਨਮ-ਮਰਨ ਦਾ ਗੇੜਾ।

***ਅਰਥ :***

ਜਿਨ੍ਹਾਂ ਮਨਮੁਖਾਂ (ਮਨ ਦੇ ਮੁਰੀਦਾਂ) ਨੇ ਗੁਰੂ ਨੂੰ ਨਹੀਂ ਸੇਵਿਆ (ਹੁਕਮ ਨਹੀਂ ਮੰਨਿਆ), ਉਹਨਾਂ ਨੂੰ ਜਨਮ-ਮਰਨ ਦਾ ਅਮੁੱਕ ਗੇੜਾ ਪੈ ਗਿਆ।

**ਦੂਣੀ ਚਉਣੀ ਕਰਾਮਾਤਿ,**
**ਸਚੇ ਕਾ ਸਚਾ ਢੋਆ ॥**

***ਪਦ-ਅਰਥ :***

ਕਰਾਮਾਤਿ—ਅਲੌਕਿਕ ਆਤਮ-ਸਤਾ ਦਾ ਕ੍ਰਿਸ਼ਮਾ। ਢੋਆ—ਆਸਰਾ।

***ਅਰਥ :***

(ਗੁਰੂ ਅਰਜਨ ਦੇਵ ਜੀ ਦੀ) ਅਲੌਕਿਕ ਆਤਮ-ਸਤਾ ਦੀ ਕਰਾਮਾਤ (ਕ੍ਰਿਸ਼ਮਾ) ਦੂਣੀ ਚੌਣੀ ਵਧ ਰਹੀ ਹੈ, (ਆਪ ਜੀ ਨੂੰ) ਸੱਚੇ ਪਰਮੇਸ਼ਰ ਦਾ ਸੱਚਾ ਆਸਰਾ (ਮਿਲਿਆ ਹੋਇਆ) ਹੈ।

**ਚਾਰੇ ਜਾਗੇ ਚਹੁ-ਜੁਗੀ,**
**ਪੰਚਾਇਣੁ ਆਪੇ ਹੋਆ ॥੮॥**

***ਉਚਾਰਣ-ਸੇਧ :***

ਚਹੁ-ਜੁਗੀ—(ਸਮਾਸੀ ਸ਼ਬਦ) 'ਜੁਗੀ' ਦੇ ਅੰਤਲੇ ਸੂਰ ਦਾ ਉਚਾਰਣ ਨਾਸਿਕਤਾ ਬਿਨਾਂ।

***ਅਰਥ :***

ਚਹੁ-ਜੁਗੀ (ਚਹੁਆਂ ਜੁਗਾਂ ਦੇ ਜੀਵਾਂ ਦਾ ਉਧਾਰ ਕਰਨਹਾਰ) ਚਾਰੇ ਸਤਿਗੁਰੂ ਜੀ (ਆਪੋ ਆਪਣੇ ਸਮੇਂ) ਆਤਮ-ਜਾਗ੍ਰਤਾ ਵਿਚ ਜਾਗੇ, ਪੰਚਾਇਣੁ (ਪਰਮੇਸ਼ਰ) ਆਪ ਹੀ (ਕਲਾ ਵਰਤਾਅ ਕੇ) ਪੰਚਮ ਗੁਰਦੇਵ (ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ) ਪ੍ਰਗਟ ਹੋਇਆ ਹੈ ॥੮॥

# ਅੰਤਿਕਾ—੧

*[ਇਸ ਅੰਤਿਕਾ ਵਿਚ ਵਾਰ ਦੀਆਂ ਪਉੜੀਆਂ ਦਾ ਸਮੁੱਚਾ ਭਾਵ, ਪਉੜੀ-ਵਾਰ ਦਿੱਤਾ ਜਾ ਰਿਹਾ ਹੈ]*

## ਸਮੁੱਚਾ ਭਾਵ (ਪਉੜੀ, ੧)

ਕਰਨਹਾਰ ਕਰਤਾਰ ਨੇ ਸਤਿਗੁਰੂ ਵਿਚ ਆਪਣਾ 'ਆਪਾ' ਸਮੋਅ ਕੇ ਅਥਵਾ ਸ਼ਬਦ-ਜੋਤਿ ਜਗਾਅ ਕੇ ਹਜ਼ੂਰ ਸਤਿਗੁਰੂ ਜੀ ਦਾ ਨਾਮਣਾ ਜਗਤ-ਪ੍ਰਸਿੱਧ ਕੀਤਾ ਹੈ, ਜਿਸ ਦੀ ਬਰਕਤਿ ਸਦਕਾ ਸਤਿਗੁਰੂ ਦਾ ਹੁਕਮ ਤੋਲ-ਮੋਲ ਤੋਂ ਪਰੇ ਹੈ।

ਦੈਵੀ-ਗੁਣ ਸਤਿ-ਨਾਮ ਲਾੜੇ ਦੀ ਜੰਞ ਹਨ। ਜਿਸ ਜਗਿਆਸੂ ਨੂੰ ਸਤਿਗੁਰੂ ਤੋਂ ਨਾਮ-ਦਾਤਿ ਪ੍ਰਾਪਤ ਹੋ ਜਾਵੇ, ਦੈਵੀ-ਗੁਣ ਨਿਰੰਤਰ ਉਸ ਦੀ ਪਰਕਰਮਾ ਕਰਦੇ ਰਹਿੰਦੇ ਹਨ। ਉਸ ਦਾ ਆਪਾ ਵਿਗਸ ਜਾਂਦਾ ਹੈ, ਉਸ ਦੀ ਸਮੁੱਚੀ ਸ਼ਖ਼ਸੀਅਤ ਰਸੀਲੀ ਅਤੇ ਛਬੀਲੀ ਹੋ ਜਾਂਦੀ ਹੈ। ਇੰਜ ਉਸ ਦੀ ਪਰਮ-ਗਤੀ ਹੋ ਜਾਂਦੀ ਹੈ।

ਜਗਿਆਸੂਆਂ ਨੂੰ ਆਤਮ-ਦਾਨ ਦੇਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਰੂਹਾਨੀ ਰਾਜ ਸਭਨਾਂ ਲਈ ਹਿਤਕਾਰੀ ਅਤੇ ਕਲਿਆਣ-ਕਾਰੀ ਹੈ। ਗੁਰੂ-ਰਾਜ ਦਾ ਤ੍ਰੈ-ਕਾਲ ਥਿਰ ਅਭੰਗ-ਅਛੇਦ ਕਿਲ੍ਹਾ 'ਸਚੁ' ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ-ਖੜਗ ਅਤੇ ਆਤਮ-ਬਲ ਦੇ ਜ਼ੋਰ ਨਾਲ ਭਾਈ ਲਹਣਾ ਜੀ ਨੂੰ ਜੀਅ ਦਾਨ (ਨਾਮ) ਦਿੱਤਾ ਅਤੇ ਇਸ ਨਾਮ ਦੇ ਸਾਸ-ਗਿਰਾਸ ਸਿਮਰਨ ਦੀ ਰੱਬੀ ਮਤਿ-ਸੁਮਤਿ ਦ੍ਰਿੜ੍ਹ ਕਰਾਈ। ਫਿਰ ਆਪਣੀ ਹੀਣ-ਹਯਾਤ (ਜੀਵਨ-ਕਾਲ) ਵਿਚ ਹੀ ਨਾਮ-ਅੰਮ੍ਰਿਤ ਪੀ ਕੇ ਜੋਤਿ-ਪ੍ਰਕਾਸ਼ ਅਵਸਥਾ ਨੂੰ ਪ੍ਰਾਪਤ ਹੋਏ ਉਸ ਸਿਖ-ਸੇਵਕ ਨੂੰ ਗੁਰਤਾ ਦਾ ਟਿੱਕਾ ਦੇ ਕੇ ਉਸ ਅੱਗੇ ਖ਼ੁਦ ਨਮਸਕਾਰ ਕੀਤੀ ਅਤੇ ਇੰਜ ਗੁਰੂ-ਜੋਤਿ ਦੇ ਸਤਿਕਾਰ ਦਾ ਧ੍ਰੂਵਾ ਬੱਧਾ ॥੧॥

## ਸਮੁੱਚਾ ਭਾਵ (ਪਉੜੀ, ੨)

ਭਾਈ ਲਹਣਾ ਜੀ ਦੇ ਗੁਰੂ-ਜੋਤਿ ਦੇ ਵਾਰਿਸ ਬਣ ਜਾਣ ਦੀ ਦੋਹੀ ਸਾਰੇ ਪਾਸੇ ਫੇਰੀ ਗਈ। ਸਭ ਸਿਖ-ਸੰਗਤਾਂ ਨੂੰ ਪੂਰਨ ਨਿਸਚਾ ਹੋ ਗਿਆ ਕਿ ਗੁਰੂ-ਗੱਦੀ ਉੱਤੇ ਬਿਰਾਜਮਾਨ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਗੁਰ-ਜੋਤਿ ਵਰਤ ਰਹੀ ਹੈ ਅਤੇ (ਜਗਿਆਸੂਆਂ ਨੂੰ ਨਾਮ ਦ੍ਰਿੜ੍ਹ ਕਰਾਉਣ ਦੀ) ਗੁਰੂ-ਜੁਗਤਿ (ਮਰਯਾਦਾ) ਵੀ ਓਹੋ ਹੀ ਹੈ, ਕੇਵਲ ਗੁਰੂ ਦੀ ਦੇਹੀ ਹੀ ਬਦਲੀ ਹੈ। ਸਿਖ-ਸੰਗਤਾਂ ਹੁਣ ਗੁਰੂ ਅੰਗਦ ਦੇਵ ਜੀ ਦੇ ਹੁਕਮ ਦੀ ਪਾਲਣਾ ਕਰਨ ਦਾ ਕਠਿਨ, ਪਰ ਸੁਖਦਾਈ, ਗੁਰਮਤਿ-ਜੋਗ ਕਮਾਅ ਕੇ ਸੁਰਖ਼ਰੂ ਹੋ ਰਹੀਆਂ ਹਨ।

ਗੁਰੂ-ਘਰ ਵਿਚ ਪਹਿਲਾਂ ਵਾਂਗ ਹੀ ਗੁਰ-ਸ਼ਬਦ ਦੇ ਆਤਮ-ਭੋਜਨ ਦਾ ਅਤੁੱਟ ਲੰਗਰ ਚਾਲੂ ਹੈ, ਨਾਮ-ਦਾਤਿ ਜਗਿਆਸੂਆਂ ਵਿਚ ਦਬਾ-ਦਬ ਵੰਡੀ ਜਾ ਰਹੀ ਹੈ। ਸਤਿਗੁਰਾਂ ਦੇ ਨੂਰੀ-ਦੀਦਾਰ, ਮਿਹਰ ਦੀ ਨਦਰਿ ਅਤੇ ਨਾਮ-ਬਾਣੀ ਦੇ ਅੰਮ੍ਰਿਤ-ਪ੍ਰਵਾਹ ਦੀ ਬਰਕਤਿ ਸਦਕਾ ਸਭਨਾਂ ਦੇ ਮਨ ਦੀ ਜਨਮ-ਜਨਮਾਂਤ੍ਰਾਂ ਦੀ ਮੈਲ ਧੋਤੀ ਜਾ ਰਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਨੇ ਆਪ ਜੀ ਉੱਤੇ ਗੁਰੂ-ਭਾਵਨਾ ਲਿਆਉਣ ਅਤੇ ਆਪ ਜੀ ਦੇ ਹੁਕਮ ਦੀ ਸਤਿ-ਸਤਿ ਕਰਕੇ ਪਾਲਣਾ ਕਰਨ ਤੋਂ ਮੂੰਹ ਮੋੜ ਲਿਆ, ਜਿਸ ਕਾਰਨ ਸਤਿਗੁਰੂ ਜੀ ਨੇ ਸੱਚਾ ਫ਼ੁਰਮਾਨ ਸੁਣਾ ਦਿੱਤਾ ਕਿ ਗੁਰੂ-ਗੱਦੀ ਦਾ ਵਾਰਿਸ ਸ਼ਰਧਾ-ਭਾਵਨਾ ਵਾਲਾ ਸਿਖ-ਸੇਵਕ ਭਾਈ ਲਹਣਾ ਹੀ ਹੈ। ਇਸ ਤਰ੍ਹਾਂ ਗੁਰੂ-ਪੁੱਤਰ ਗੁਰੂ-ਪਿਤਾ ਦੀ ਬਿੰਦੀ ਸੰਤਾਨ ਹੋਣ ਦੇ ਹੰਕਾਰ ਵਿਚ ਗ੍ਰਸੇ ਹੋਣ ਅਤੇ ਗੁਰੂ ਪ੍ਰਤਿ ਸ਼ਰਧਾ ਭਾਵਨਾ ਤੋਂ ਸੱਖਣੇ ਹੋਣ ਕਾਰਨ ਗੁਰੂ-ਗੱਦੀ ਪ੍ਰਾਪਤੀ ਦੀ ਬਾਜ਼ੀ ਹਾਰ ਗਏ ਅਤੇ ਸ਼ਰਧਾ ਭਾਵਨਾ ਵਾਲੇ ਸਿਖ-ਸੇਵਕ ਭਾਈ ਲਹਣਾ ਜੀ ਹੁਕਮ ਦੀ ਕਾਰ ਕਮਾ ਕੇ ਅਤੇ ਇੰਜ ਗੁਰੂ-ਦਰ ਉੱਤੇ ਪ੍ਰਵਾਨ ਪੈ ਕੇ ਗੁਰੂ-ਗੱਦੀ ਦੇ ਵਾਰਿਸ ਬਣਨ ਵਿਚ ਸਫਲ ਹੋ ਗਏ ॥੨॥

## ਸਮੁੱਚਾ ਭਾਵ (ਪਉੜੀ, ੩)

ਕਰਤਾ-ਪੁਰਖ ਵਲੋਂ ਥਾਪਿਆ ਹੋਇਆ ਧਰਮ-ਰਾਇ ਜੀਵਾਂ ਦੇ ਕਮਾਏ ਕਰਮਾਂ ਦੇ ਆਧਾਰ 'ਤੇ ਪਰਲੋਕ ਵਿਚ ਧਰਮ-ਨਿਆਉਂ ਵਰਤਾਉਂਦਾ ਹੈ। ਸ੍ਰੀ

ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਦੀ ਬਜਾਏ ਸ਼ਰਧਾ-ਭਾਵਨਾ ਵਾਲੇ ਸਿਖ-ਸੇਵਕ ਭਾਈ ਲਹਣਾ ਜੀ ਨੂੰ ਗੁਰ-ਗੱਦੀ ਦੇ ਕੇ ਮਾਤ-ਲੋਕ ਵਿਚ ਧਰਮ-ਨਿਆਉਂ ਵਰਤਾਇਆ ਹੈ।

ਜਿਸ ਭਾਈ ਲਹਣਾ ਜੀ ਨੇ ਸ਼ਰਧਾ-ਭਾਵਨਾ ਨਾਲ ਹੁਕਮ ਦੀ ਕਾਰ ਕਮਾਈ, ਉਹ ਗੁਰੂ-ਜੋਤਿ ਦੇ ਪਰਵੇਸ਼ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਮਾਨਨੀਕ ਹੋ ਗਏ ਹਨ। ਆਪ ਜੀ ਦੀ ਰੂਹਾਨੀ ਸੁਗੰਧੀ ਵਾਲੀ ਪ੍ਰਸਿੱਧੀ ਚਹੁਆਂ ਕੁੰਟਾਂ ਵਿਚ ਪਸਰ ਗਈ ਹੈ ਕਿ ਆਪ ਜੀ ਗੁਰੂ ਨਾਨਕ ਦੇਵ ਜੀ ਦਾ ਹੀ ਜੋਤਿ-ਸਰੂਪ ਹਨ ਅਤੇ ਰੱਬੀ-ਰਜ਼ਾਅ ਅਧੀਨ ਸ੍ਰਿਸ਼ਟੀ ਦੇ ਜੀਵਾਂ ਦੇ ਉਧਾਰ ਦੀ ਜ਼ਿੰਮੇਦਾਰੀ ਹੁਣ ਆਪ ਜੀ ਦੇ ਸਿਰ 'ਤੇ ਆ ਪਈ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਅੰਤਰ-ਆਤਮੇ ਪਰਮੇਸ਼ਰ ਨਾਲ ਅਭੇਦ ਹਨ। ਆਪ ਜੀ ਜੋ ਜੋ ਬਚਨ ਕਰਦੇ ਹਨ, ਕਰਤਾ ਪੁਰਖ ਦੀ ਬਰਕਤਿ ਸਦਕਾ ਉਹ ਸਤਿ ਹੋ ਨਿਬੜਦੇ ਹਨ।

ਸਮੁੱਚੀ ਸਿਖ-ਸੰਗਤਿ ਗੁਰੂ ਅੰਗਦ ਦੇਵ ਜੀ ਦੇ ਦਰ ਉੱਤੇ ਸੇਵਾ ਕਰਨ ਵਿਚ ਤਤਪਰ ਹੈ। ਸਤਿਗੁਰੂ ਜੀ ਵਲੋਂ ਸਿੱਖਾਂ-ਸੇਵਕਾਂ ਦੇ ਮਨ ਦੀ ਜਨਮ-ਜਨਮਾਂਤ੍ਰਾਂ ਦੀ ਮੈਲ ਕਟੀ ਜਾ ਰਹੀ ਹੈ। ਨਾਮ-ਬਾਣੀ ਦੇ ਪ੍ਰਵਾਹ ਸਦਕਾ ਉਹਨਾਂ ਦੇ ਚਿਹਰੇ ਨਾਮ ਦੀ ਲਾਲੀ, ਅਥਵਾ, ਰੱਬੀ ਨੂਰ ਨਾਲ ਦਗ-ਦਗ ਕਰਦੇ ਹਨ। ਦੂਜੇ ਪਾਸੇ ਗੁਰੂ ਤੋਂ ਬੇਮੁਖ ਹੋਏ ਲੋਕ ਸ਼ਰਮਸਾਰ ਹੋ ਰਹੇ ਹਨ।

ਸ੍ਰੀ ਬਲਵੰਡ ਜੀ ਦਾ ਕਥਨ ਹੈ, ਸਿਖ ਸੰਗਤਾਂ ਨੂੰ ਗੁਰੂ-ਪਤਨੀ ਮਾਤਾ ਖੀਵੀ ਜੀ ਦੀ ਸੁਘੜ ਅਤੇ ਸੁਚੱਜੀ ਸਰਪ੍ਰਸਤੀ ਵੀ ਪ੍ਰਾਪਤ ਹੈ। ਮਾਤਾ ਖੀਵੀ ਜੀ ਆਪਣੇ ਸਿਖ-ਪੁੱਤਰਾਂ ਨੂੰ ਨਿੱਘਾ ਪਿਆਰ ਬਖ਼ਸ਼ਦੇ ਹਨ। ਆਪ ਜੀ ਦੀ ਸਰਪ੍ਰਸਤੀ ਹੇਠ ਚਲਦੇ ਗੁਰੂ ਕੇ ਲੰਗਰ ਵਿਚ ਗੁਰਬਾਣੀ ਦੇ ਪ੍ਰਵਾਹ ਸਦਕਾ ਜਿਥੇ ਸਿਖ-ਸੰਗਤਾਂ ਨੂੰ ਆਤਮ-ਤ੍ਰਿਪਤੀ ਲਈ ਨਾਮ-ਅੰਮ੍ਰਿਤ ਪ੍ਰਾਪਤ ਹੁੰਦਾ ਹੈ, ਉਥੇ ਸਰੀਰਕ ਤ੍ਰਿਪਤੀ ਲਈ ਘਿਓ ਵਾਲੀ ਖੀਰ ਦੇ ਖੁਲ੍ਹੇ ਗੱਫ਼ੇ ਮਿਲਦੇ ਹਨ ਅਤੇ ਲੋੜਵੰਦਾਂ ਨੂੰ ਮਾਇਕ ਸਹਾਇਤਾ ਨਾਲ ਵੀ ਨਿਵਾਜਿਆ ਜਾਂਦਾ ਹੈ॥੩॥

## ਸਮੁੱਚਾ ਭਾਵ (ਪਉੜੀ, ੪)

ਸੰਸਾਰ ਦੇ ਰੂਹਾਨੀ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬੀ-ਸਿਆਣਪ ਵਾਲਾ ਉੱਚੇ ਪਾਏ ਦਾ ਸ੍ਰੇਸ਼ਟ ਅਤੇ ਵਿਲੱਖਣ ਫ਼ੈਸਲਾ ਸੁਣਾਇਆ ਹੈ ਕਿ ਗੁਰੂ-ਗੱਦੀ ਦਾ ਵਾਰਿਸ ਸੇਵਾ-ਭਾਵਨਾ ਵਾਲਾ ਵਿਅਕਤੀ ਹੀ ਹੋ ਸਕਦਾ ਹੈ।

ਆਪ ਜੀ ਨੇ ਆਪਣੇ ਸਿਖ ਸੇਵਕ ਭਾਈ ਲਹਣਾ ਜੀ ਅੰਦਰ ਗੁਰੂ-ਜੋਤਿ ਹਲੂਲ ਕਰ ਕੇ ਅਤੇ ਉਸ ਦੇ ਸਿਰ ਉੱਤੇ ਗੁਰਤਾ ਦਾ ਨੂਰੀ ਛਤਰ ਝੁਲਾਅ ਕੇ ਉਸ ਦਾ ਰੁਤਬਾ ਅਕਾਸ਼ ਜਿੱਡਾ ਬੁਲੰਦ (ਉੱਚਾ) ਕਰ ਦਿੱਤਾ। ਲੋਕਾਈ ਅਸਚਰਜ ਹੋ ਕੇ ਆਖਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਅੱਖੋਂ ਪ੍ਰੋਖੇ ਕਰ ਕੇ ਇਕ ਸੇਵਕ ਨੂੰ ਗੁਰੂ-ਗੱਦੀ ਦੇ ਕੇ ਇਹ ਕੀ ਅਸਚਰਜ ਕੌਤਕ ਵਰਤਾਇਆ ਹੈ, ਮਾਨੋਂ ਗੰਗਾ ਦਾ ਵਹਾਅ ਹੋਰ ਪਾਸੇ ਮੋੜ ਦਿੱਤਾ ਹੈ। ਪਰ ਅਸਲ ਵਿਚ ਆਪ ਜੀ ਨੇ ਸਿੱਖਾਂ ਅਤੇ ਪੁੱਤਰਾਂ ਦੀ ਭਾਵਨਾ ਨੂੰ ਪੂਰਨ ਤੌਰ 'ਤੇ ਪਰਖ-ਨਿਰਖ ਕੇ ਹੀ ਅਜਿਹਾ ਸੁਚੱਜਾ ਨਿਰਣਾ ਕੀਤਾ ਹੈ ਅਤੇ ਪੂਰੀ ਸੋਧ-ਸੋਧਾਈ ਮਗਰੋਂ ਹੀ ਭਾਈ ਲਹਣਾ ਜੀ ਨੂੰ ਗੁਰਤਾ ਦਾ ਟਿੱਕਾ ਦਿੱਤਾ ਹੈ।

ਦੈਂਤਾਂ ਅਤੇ ਦੇਵਤਿਆਂ ਵਲੋਂ ਖੀਰ-ਸਮੁੰਦਰ ਨੂੰ ਰਿੜਕ ਕੇ ਚੌਦਾਂ ਰਤਨ ਕੱਢਣ ਦੀ ਗਾਥਾ ਮਿਥਿਹਾਸਿਕ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਮਲੀ ਤੌਰ 'ਤੇ ਸ਼ਬਦ-ਪਰਬਤ ਨੂੰ ਮਧਾਣਾ ਬਣਾ ਕੇ, ਮਨ-ਨਾਗ ਨੂੰ ਨੇਤ੍ਰੇ ਵਜੋਂ ਪਾ ਕੇ ਸਰੀਰ-ਸਮੁੰਦਰ ਨੂੰ ਰਿੜਕਿਆ ਹੈ ਅਤੇ ਦੈਵੀ-ਗੁਣਾਂ ਮਈ ਰਤਨ ਕੱਢ ਕੇ ਆਵਾ-ਗਵਨ ਦੇ ਮੂਲ ਤ੍ਰਿ-ਭਵਣੀ ਸੰਸਾਰ ਨੂੰ ਭੂਸ਼ਤ ਕੀਤਾ ਹੈ।

ਉਸ (ਸਤਿਗੁਰੂ ਗੁਰੂ ਨਾਨਕ ਦੇਵ ਜੀ) ਨੇ ਅਜਿਹੀ ਅਦਭੁਤ ਲੀਲ੍ਹਾ ਵਰਤਾਈ ਹੈ ਕਿ ਸਿੱਖੀ-ਪਰਖ ਦੀ ਕਠਿਨ ਪਿੜ (ਬਾਜ਼ੀ) ਨੂੰ ਜਿਤਣ ਵਾਲੇ (ਭਾਈ ਲਹਣਾ ਜੀ) ਨੂੰ ਗੁਰੂ-ਗੱਦੀ ਉੱਤੇ ਸਥਾਪਨ ਕੀਤਾ ਹੈ।੪।

## ਸਮੁੱਚਾ ਭਾਵ (ਪਉੜੀ, ੫)

ਫਿਰ, (ਗੁਰ-ਗੱਦੀ ਦੀ ਪ੍ਰਾਪਤੀ ਮਗਰੋਂ) ਬਾਬਾ ਫੇਰੂ ਜੀ ਦੇ ਸਪੁੱਤਰ, ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਨਗਰ ਨੂੰ ਸਿੱਖੀ ਦਾ ਪ੍ਰਚਾਰ-ਕੇਂਦਰ ਬਣਾ ਕੇ ਆਬਾਦ ਕੀਤਾ। ਗੁਰੂ-ਦਰਬਾਰ ਵਿਚ ਨਾਮ-ਬਾਣੀ ਦੇ ਪ੍ਰਵਾਹ ਸਦਕਾ ਨਿਰੰਤਰ ਰੱਬੀ-ਨੂਰ ਵਰਸਦਾ ਹੈ। ਗੁਰੂ-ਦਰ ਤੋਂ ਸੰਗਤਾਂ ਨੂੰ ਜੀਵਨ-ਸਫਲਤਾ ਲਈ ਜਪ, ਤਪ ਅਤੇ ਸੰਜਮ ਦੀ ਦੈਵੀ ਦਾਤਿ ਪ੍ਰਾਪਤ ਹੁੰਦੀ ਹੈ ਅਤੇ ਰੱਬੀ ਸੀਤਲਤਾ ਦੇ ਇਸ ਅਥਾਹ ਸਾਗਰ ਤੋਂ ਜਗਿਆਸੂਆਂ ਦੇ ਹਿਰਦੇ ਨੂੰ ਰੂਹਾਨੀ ਠੰਢਕ ਮਿਲਦੀ ਹੈ।

ਸਤਿਗੁਰੂ ਜੀ ਪਾਸ ਨਾਮ ਦਾ ਅਤੁੱਟ ਖ਼ਜ਼ਾਨਾ ਹੈ, ਜਿਥੋਂ ਹਰ ਕੋਈ

ਵਰੋਸਾਇਆ ਜਾਂਦਾ ਹੈ। ਸਰਬ-ਹਿਤਕਾਰੀ ਗੁਰੂ ਜੀ ਦੀ ਨਿੰਦਾ ਕਰਨ ਵਾਲਾ ਮਨਹੂਸ ਮਨੁੱਖ ਆਪਣੀ ਮੌਤੇ ਆਪ ਮਰ ਜਾਂਦਾ ਹੈ। ਰਬਾਬੀ ਭਰਾਵਾਂ ਨੂੰ ਹੁਣ ਸੋਝੀ ਆ ਗਈ ਹੈ ਕਿ ਲਬ-ਲੋਭ ਆਦਿਕ ਵਿਕਾਰ ਜੀਵਾਂ ਦੇ ਵਿਨਾਸ਼ ਦਾ ਕਾਰਨ ਬਣਦੇ ਹਨ। ਇਹਨਾਂ ਦੇ ਵਿਨਾਸ਼ਕਾਰੀ ਫੰਧੇ ਵਿਚ ਫਸੇ ਦੁਨੀਆਵੀ ਲੋਕਾਂ ਨੂੰ ਨੇੜੇ ਦਿਸਦਾ ਦ੍ਰਿਸ਼ਟਮਾਨ ਸੰਸਾਰਕ ਪਦ-ਪਦਾਰਥ ਹੀ ਸੁਝਦਾ ਹੈ, ਪਰ ਪਾਰਦਰਸ਼ੀ ਸਤਿਗੁਰੂ ਜੀ ਨੂੰ ਪਰਾ-ਭੌਤਕ ਆਤਮ-ਮੰਡਲ ਦੀ ਸੋਝੀ ਹੈ, ਜੋ ਦੁਨੀਆਵੀ ਲੋਕਾਂ ਦੀ ਪਹੁੰਚ-ਪਕੜ ਤੋਂ ਦੂਰ ਹੈ॥੫॥

## ਸਮੁੱਚਾ ਭਾਵ (ਪਉੜੀ, ੬)

ਗੁਰੂ-ਵੰਸ਼ ਦਾ ਨਾਦੀ ਪੋਤਰਾ-ਗੁਰੂ (ਸ੍ਰੀ ਗੁਰੂ ਅਮਰਦਾਸ ਜੀ) ਆਪਣੇ ਦਾਦਾ-ਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਅਤੇ ਪਿਤਾ-ਗੁਰੂ (ਸ੍ਰੀ ਗੁਰੂ ਅੰਗਦ ਦੇਵ ਜੀ) ਵਾਲੇ ਤਖ਼ਤ, ਚਵਰ, ਛਤਰ ਦਾ ਵਾਰਿਸ ਬਣ ਕੇ ਸਿਖ-ਸੰਗਤਾਂ ਦਾ ਪਿਆਰ, ਸਤਿਕਾਰ ਮਾਣ ਰਹੇ ਹਨ। ਆਪ ਜੀ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤਿ ਪ੍ਰਤੱਖ ਵਰਤਦੀ ਅਨੁਭਵ ਕਰ ਕੇ ਸਮੂਹ ਸੰਗਤਿ ਵਿਸਮਾਦਤ, ਆਨੰਦਤ ਅਤੇ ਕਿਰਤਾਰਥ ਹੋ ਰਹੀ ਹੈ।

ਦੇਵਤਿਆਂ ਦੇ ਖੀਰ-ਸਮੁੰਦਰ ਰਿੜਕਣ ਅਤੇ ਚੌਦਾਂ ਰਤਨ ਕੱਢਣ ਦੀ ਗਾਥਾ ਮਿਥਿਹਾਸਕ ਹੈ, ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਅਮਲੀ ਜੀਵਨ ਵਿਚ ਗੁਰ-ਸ਼ਬਦ ਨੂੰ ਮਧਾਣਾ ਬਣਾ ਕੇ, ਮਨ ਨੂੰ ਨੇਤ੍ਰੇ ਵਜੋਂ ਪਾ ਕੇ, ਸਰੀਰ-ਸਮੁੰਦਰ ਨੂੰ ਰਿੜਕਿਆ ਹੈ ਅਤੇ ਰੱਬੀ ਗੁਣਾਂ ਰੂਪੀ ਰਤਨ ਕੱਢ ਕੇ ਕਲਜੁਗ ਦੇ ਘੁੱਪ ਅੰਨ੍ਹੇਰੇ ਵਿਚ ਗਿਆਨ-ਚਾਨਣਾ ਕੀਤਾ ਹੈ।

ਗੁਰੂ ਅਮਰਦਾਸ ਜੀ ਮਾਨੋ ਗਿਆਨ ਦਾ ਸੁਮੇਰ ਪਰਬਤ ਹਨ, ਜਿਸ ਨੂੰ ਸੰਸਾਰ ਵਿਚ ਝੁਲ ਰਹੀ ਤ੍ਰਿਸ਼ਨਾ ਦੀ ਅੰਨ੍ਹੇਰੀ ਜਾਂ ਕਲ-ਕਲੇਸ਼ ਦਾ ਝਖੜ ਡੁਲਾਅ ਨਹੀਂ ਸਕਦਾ। ਆਪ ਜੀ ਨੇ ਆਤਮ-ਗਿਆਨ ਰੂਪੀ ਘੋੜੇ ਉੱਤੇ ਸੁਚੇ ਆਚਰਣ ਰੂਪੀ ਕਾਠੀ ਪਾ ਕੇ ਸਤਿਵਾਦੀ ਸੁਭਾਅ ਦੀ ਕਮਾਨ ਨਾਲ ਰੱਬੀ ਸਿਫ਼ਤਿ-ਸਾਲਾਹ ਦੇ ਤੀਰਾਂ ਦੀ ਬੁਛਾੜ ਕਰ ਕੇ ਸੰਸਾਰ ਨੂੰ ਵਿਕਾਰਾਂ ਤੋਂ ਖ਼ਲਾਸੀ ਦਿਵਾਈ ਹੈ। ਸੰਸਾਰ ਵਿਚ ਸਚ-ਨਾਮ ਦੀ ਬਰਕਤਿ ਨਾਲ ਜਮਾਈ ਦੈਵੀ ਗੁਣਾਂ ਰੂਪੀ ਖੇਤੀ ਦੀ ਰਾਖੀ ਸਤਿਗੁਰੂ ਪਾਤਿਸ਼ਾਹ ਆਪ ਸਚ-ਨਾਮ ਦੁਆਰਾ ਕਰ ਰਿਹਾ ਹੈ। ਸੋ, ਇਸ ਵਿਚ ਹੁਣ ਕੋਈ ਵਿਕਾਰ ਉਜਾੜਾ ਨਹੀਂ ਪਾ ਸਕਦਾ।

ਸਤਿਗੁਰੂ ਅਮਰਦਾਸ ਜੀ ਦੇ ਲੰਗਰ ਵਿਚ ਘਿਉ, ਮੈਦੇ ਅਤੇ ਖੰਡ ਦੀ ਵਰਤੋਂ ਨਾਲ ਬਣਾਇਆ ਸਵਾਦਿਸ਼ਟ ਅਤੇ ਸਨਿਗਧ ਭੋਜਨ ਵਰਤਾਇਆ ਜਾਂਦਾ ਹੈ। ਅੰਤਰਜਾਮੀ ਅਤੇ ਸੁਜਾਨ ਸਤਿਗੁਰੂ ਜੀ ਹਰੇਕ ਜਗਿਆਸੂ ਦੀ ਅੰਦਰਲੀ ਪੀੜਾ ਨਾਮ-ਦਾਨ ਬਖ਼ਸ਼ ਕੇ ਨਿਵਿਰਤ ਕਰਦੇ ਹਨ।

ਭਾਈ ਸਤਾ ਆਪਣੀ ਹਿੰਡ ਛੱਡ ਕੇ ਅਤੇ ਨਿੰਮਰੀ-ਭੂਤ ਹੋ ਕੇ ਆਪਣੇ ਮਨ ਦੀ ਭਾਵਨਾ ਪ੍ਰਗਟ ਕਰਦਾ ਹੈ ਕਿ ਸਤਿਗੁਰੂ ਜੀ ਨੂੰ ਆਪਣੀ ਰਜ਼ਾਅ ਵਿਚ ਜੋ ਵੀ ਦਾਨ ਦੇਣਾ ਮੁਨਾਸਬ ਲਗੇ, ਉਸ (ਦਾਸ ਸਤਾ) ਲਈ ਓਹੀ ਮਹਾ-ਦਾਨ ਹੈ ॥੬॥

## ਸਮੁੱਚਾ ਭਾਵ (ਪਉੜੀ, ੭)

ਸ੍ਰੀ ਗੁਰੂ ਰਾਮਦਾਸ ਜੀ ਧੰਨ ਧੰਨ ਹਨ। ਜਿਸ ਕਰਤਾ ਪੁਰਖ ਨੇ ਆਪ ਜੀ ਨੂੰ ਸਿਰਜਿਆ (ਰਚਿਆ) ਉਸ ਨੇ ਹੀ ਆਤਮ-ਪ੍ਰਕਾਸ਼ ਬਖ਼ਸ਼ ਕੇ ਆਪ ਜੀ ਨੂੰ ਸਵਾਰਿਆ ਹੈ ਅਤੇ ਇਕ ਸਿਖ-ਸੇਵਕ ਦੀ ਹੈਸੀਅਤ ਤੋਂ ਚੁੱਕ ਕੇ ਗੁਰੂ-ਗੱਦੀ ਉੱਤੇ ਸਥਾਪਿਤ ਕਰ ਕੇ ਇਕ ਕ੍ਰਿਸ਼ਮਾ ਵਰਤਾਇਆ ਹੈ। ਆਪ ਜੀ ਤੋਂ ਰੱਬੀ ਗੁਣਾਂ ਦਾ ਪ੍ਰਕਾਸ਼ ਮਿਲਨ ਸਦਕਾ ਸਿਖ-ਸੰਗਤਾਂ ਆਪ ਜੀ ਨੂੰ ਪਹਿਲੇ ਸਤਿਗੁਰਾਂ ਦਾ ਹੀ ਪਰਤੱਖ ਸਰੂਪ ਗੁਰ-ਪਰਮੇਸ਼ਰ ਜਾਣ ਕੇ ਸਤਿਕਾਰਦੀਆਂ ਹਨ। ਆਪ ਜੀ ਭੈ-ਭਾਵਨੀ ਵਾਲੇ ਹਰੇਕ ਗੁਰਸਿਖ ਦੇ ਅੰਦਰੋਂ ਕਾਮਾਦਿਕ ਪੰਜਾਂ ਵਿਕਾਰਾਂ ਅਤੇ ਇਹਨਾਂ ਵਿਕਾਰਾਂ ਦੇ ਸਮੁੱਚੇ ਖਰੂਦੀ-ਦਲ ਦਾ ਖੁਰਾ-ਖੋਜ ਮਿਟਾਅ ਕੇ, ਉਸ ਦਾ ਸੰਸਾਰ-ਭਵ-ਸਾਗਰ ਤੋਂ ਪਾਰ-ਉਤਾਰਾ ਕਰਦੇ ਹਨ। ਆਪ ਜੀ ਧੰਨ ਹਨ! ਆਪ ਜੀ ਦਾ ਆਤਮ-ਦਾਨ ਪ੍ਰਦਾਨ ਕਰਨ ਵਾਲਾ ਗੁਰੂ-ਦਰ ਧੰਨ ਹੈ !! ਆਪ ਜੀ ਦਾ, ਹੁਕਮ ਦੀ ਕਾਰ ਕਮਾਉਣ ਵਾਲਾ ਆਤਮ-ਦਰਸ਼ ਸੇਵਕ-ਦਲ ਵੀ ਧੰਨ ਹੈ !!!

ਜਿਸ ਜਿਸ ਨੇ ਆਪ ਜੀ ਦਾ ਨੂਰੀ ਦੀਦਾਰ ਪਰਸ ਲਿਆ, ਉਸ ਦਾ ਮਨ ਹਰਾ-ਭਰਾ ਹੋ ਗਿਆ ॥੭॥

## ਸਮੁੱਚਾ ਭਾਵ (ਪਉੜੀ, ੮)

ਚਹੁਆਂ ਜੁਗਾਂ ਦੇ ਜੀਵਾਂ ਦਾ ਉਧਾਰ ਕਰਨ ਵਾਲੇ ਪਹਿਲੇ ਚਾਰੇ ਸਤਿਗੁਰੂ ਸਾਹਿਬਾਨ ਗਿਆਨ-ਜਾਗ੍ਰਤਾ ਵਿਚ ਜਾ ਕੇ ਜਗਿਆਸੂਆਂ ਵਿਚ ਆਤਮ-ਜਾਗ

ਜਗਾਉਂਦੇ ਰਹੇ ਹਨ। ਹੁਣ ਸੁਤੇ-ਪ੍ਰਕਾਸ਼ ਪੰਚਾਇਣੁ (ਵਾਹਿਗੁਰੂ) ਖ਼ੁਦ ਪੰਚਮ-ਗੁਰਦੇਵ (ਸ੍ਰੀ ਗੁਰੂ ਅਰਜਨ ਦੇਵ ਜੀ) ਦੇ ਰੂਪ ਵਿਚ ਪ੍ਰਗਟ ਹੋ ਕੇ ਅਧਿਆਤਮਕ ਪਾਧੇ ਦੇ ਰੂਪ ਵਿਚ ਅਧਿਆਤਮ-ਵਿਦਿਆ ਦੇ ਪੂਰਨੇ ਪਾ ਕੇ ਜਗਿਆਸੂਆਂ ਦੀ ਆਤਮ-ਅਗਵਾਈ ਕਰ ਰਿਹਾ ਹੈ। ਪੱਟੀ ਵੀ ਆਪ ਹੈ, ਕਲਮ ਵੀ ਆਪ ਅਤੇ ਲਿਖਣਹਾਰਾ ਵੀ ਆਪ।

ਗੁਰਤਾ ਦੇ ਨੂਰੀ ਤਖ਼ਤ ਉੱਤੇ ਬੈਠੇ ਸ੍ਰੀ ਗੁਰੂ ਅਰਜਨ ਦੇਵ ਜੀ ਨਾਮ-ਬਾਣੀ ਦੇ ਪ੍ਰਵਾਹ ਦੁਆਰਾ ਚਹੁਆਂ ਕੁੰਟਾਂ ਵਿਚ ਨਿਰੰਤਰ ਜਗਿਆਸੂਆਂ ਦੇ ਹਿਰਦਿਆਂ ਵਿਚ ਗਿਆਨ-ਪ੍ਰਕਾਸ਼ ਕਰ ਰਹੇ ਹਨ। ਸਾਰੀ ਲੋਕਾਈ ਆਵਾ-ਗਵਨ ਦੇ ਗੇੜ ਵਿਚ ਹੈ, ਪਰ ਜੋਤਿ-ਸਰੂਪ ਪੰਚਾਇਣੁ ਵਾਹਿਗੁਰੂ ਅਤੇ ਪੰਚਮ ਗੁਰੂ-ਜੋਤਿ ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਸਦਾ ਨਵਾਂ ਨਿਰੋਆ ਹੈ। ਖੇੜੇ ਦੇ ਪੁੰਜ ਸਤਿਗੁਰੂ ਜੀ ਸਾਰੀ ਸਿਖ-ਸੰਗਤਿ ਨੂੰ ਆਤਮ-ਹੁਲਾਸ ਬਖ਼ਸ਼ ਰਹੇ ਹਨ। ਗੁਰੂ-ਸੇਵਾ ਤੋਂ ਵਿਰਵੇ ਅਤੇ ਗੁਰੂ-ਗਿਆਨ ਤੋਂ ਸੱਖਣੇ ਮਨਮੁਖ ਜਨਮ ਮਰਨ ਦੇ ਗੇੜ ਵਿਚ ਪੈ ਕੇ ਖ਼ੁਆਰ ਹੋ ਰਹੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਲੌਕਿਕ ਆਤਮ-ਸ਼ਕਤੀ ਅਤੇ ਸੋਭਾ ਸਦਾ-ਥਿਰ ਪ੍ਰਭੂ ਦੇ ਆਸਰੇ ਦੂਣੀ-ਚੌਣੀ ਵਧ ਰਹੀ ਹੈ॥੮॥

# ਅੰਤਿਕਾ—੨ (ਪ੍ਰਸ਼ਨੋਤ੍ਰੀ)

੧. **ਪ੍ਰਸ਼ਨ :** ਸਿਰਲੇਖ "ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ" ਦੀ ਵਿਆਖਿਆ ਕਰੋ ?

*ਉੱਤਰ :* ਸਿਰਲੇਖ ਦੀ ਸ਼ਬਦਾਵਲੀ ਤੋਂ ਵਿੱਦਤ ਹੁੰਦਾ ਹੈ ਕਿ ਇਹ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਮਕਲੀ ਰਾਗ ਦੀ ਵਾਰ ਹੈ ਅਤੇ ਡੂਮ ਜਾਤੀ ਦੇ ਰਬਾਬੀ ਭਰਾਵਾਂ ਰਾਇ ਬਲਵੰਡ ਜੀ ਅਤੇ ਭਾਈ ਸਤਾ ਜੀ ਦੀ ਸਾਂਝੀ ਰਚਨਾ ਹੈ।

ਵਾਰ ਵਿਚ ਰਾਇ ਬਲਵੰਡ ਜੀ ਦਾ ਵਰਣਨ ਤੀਜੀ ਪਉੜੀ ਵਿਚ ਅਤੇ ਭਾਈ ਸਤਾ ਜੀ ਦਾ ਛੇਵੀਂ ਪਉੜੀ ਵਿਚ ਆਉਂਦਾ ਹੈ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪਹਿਲੀਆਂ ਤਿੰਨ ਪਉੜੀਆਂ ਰਾਇ ਬਲਵੰਡ ਜੀ ਦੀਆਂ ਅਤੇ ਬਾਕੀ ਪੰਜ ਪਉੜੀਆਂ ਭਾਈ ਸਤਾ ਜੀ ਦੀਆਂ ਹਨ, ਪਰ ਨਿਸ਼ਚੇ ਨਾਲ ਕੁਝ ਆਖ ਸਕਣਾ ਸੰਭਵ ਨਹੀਂ।

ਯਥਾਰਥ ਕਥਨ ਇਹੀ ਹੈ ਕਿ ਇਹ ਵਾਰ ਦੋਹਾਂ ਦੀ ਸਾਂਝੀ ਰਚਨਾ ਹੈ, ਜਿਹਾ ਕਿ ਸਿਰਲੇਖ ਦੀ ਸ਼ਬਦਾਵਲੀ ਤੋਂ ਸਪੱਸ਼ਟ ਹੈ।

੨. **ਪ੍ਰਸ਼ਨ :** ਭਾਈ ਸਤਾ ਜੀ ਅਤੇ ਰਾਇ ਬਲਵੰਡ ਜੀ ਕੌਣ ਸਨ ?

*ਉੱਤਰ :* ਡੂਮ ਜਾਤੀ ਦੇ, ਭਾਈ ਸਤਾ ਜੀ ਅਤੇ ਰਾਇ ਬਲਵੰਡ ਜੀ ਦੋ ਸਕੇ ਭਰਾ ਸਨ, ਜੋ ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਰਬਾਬੀ ਕੀਰਤਨੀਏ ਸਨ।

੩. **ਪ੍ਰਸ਼ਨ :** ਰਬਾਬੀ ਪਰੰਪਰਾ ਦਾ ਆਰੰਭ ਕਿਥੋਂ ਹੋਇਆ ?

*ਉੱਤਰ :* ਰਬਾਬੀ ਪਰੰਪਰਾ ਦਾ ਆਰੰਭ ਭਾਈ ਮਰਦਾਨਾ ਜੀ ਤੋਂ ਹੋਇਆ।

ਰਾਇ ਭੁਇੰ ਦੀ ਤਲਵੰਡੀ ਦੇ ਨਿਵਾਸੀ ਮਰਦਾਨਾ ਨਾਮ ਦੇ ਡੂਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਫਿਰੰਦੇ ਤੋਂ ਰਬਾਬ ਮੁੱਲ ਲੈ ਕੇ ਦਿੱਤੀ। ਜਦੋਂ ਮਰਦਾਨਾ ਜੀ ਨੇ ਰਬਾਬ ਵਜਾ ਕੇ ਆਪਣੇ ਮਾਲਿਕ ਸਤਿਗੁਰੂ ਜੀ ਨਾਲ ਮਿਲ ਕੇ ਰੱਬੀ ਬਾਣੀ ਦਾ ਕੀਰਤਨ ਕਰਨਾ ਸ਼ੁਰੂ ਕੀਤਾ ਤਾਂ ਸਤਿਗੁਰੂ ਜੀ ਵਲੋਂ ਉਸ ਨੂੰ 'ਭਾਈ' ਖ਼ਿਤਾਬ ਦੀ ਬਖ਼ਸ਼ਸ਼ ਹੋਈ ਅਤੇ ਉਹ 'ਭਾਈ ਮਰਦਾਨਾ ਰਬਾਬੀ' ਕਰਕੇ ਪ੍ਰਸਿੱਧ ਹੋਏ।

੪. **ਪ੍ਰਸ਼ਨ :** ਰਬਾਬੀ ਭਰਾਵਾਂ, ਭਾਈ ਸਤਾ ਜੀ ਅਤੇ ਰਾਇ ਬਲਵੰਡ ਜੀ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਰੁਸੇਵੇਂ ਦਾ ਕੀ ਕਾਰਨ ਸੀ ?

*ਉੱਤਰ :* ਭਾਈ ਵੀਰ ਸਿੰਘ ਜੀ ਦੀ ਲਿਖਤ ਮੁਜਬ ਰਬਾਬੀ ਭਰਾਵਾਂ ਨੇ ਆਪਣੀ ਭੈਣ ਦੇ ਵਿਆਹ ਲਈ ਸਤਿਗੁਰਾਂ ਤੋਂ ਮਾਇਆ ਦੀ ਮੰਗ ਕੀਤੀ। ਸਤਿਗੁਰੂ ਜੀ ਵਲੋਂ ਇਹਨਾਂ ਦੀ ਇੱਛਾ ਅਨੁਸਾਰ ਇਕ ਦਿਨ ਦੇ ਚੜ੍ਹਾਵੇ ਦੀ ਪੂਰੀ ਰਕਮ ਰਬਾਬੀ ਭਰਾਵਾਂ ਨੂੰ ਇਸ ਮੰਤਵ ਲਈ ਦਿੱਤੀ ਗਈ, ਪਰ ਉਹ ਲਾਲਚ ਵਸ ਹੋਏ ਹੋਏ ਏਨੀ ਮਾਇਆ ਨਾਲ ਸੰਤੁਸ਼ਟ ਨਾ ਹੋਏ ਅਤੇ ਰੁਸ ਕੇ ਘਰ ਜਾ ਬੈਠੇ।

*ਨੋਟ :*—ਕਈ ਵਿਦਵਾਨਾਂ ਨੇ ਉਹਨਾਂ ਦੀ ਪੁੱਤਰੀ ਦੇ ਵਿਆਹ ਬਾਰੇ ਲਿਖਿਆ ਹੈ।

੫. **ਪ੍ਰਸ਼ਨ :** ਸਤਿਗੁਰੂ ਜੀ ਨੇ ਰੁਸੇ ਹੋਏ ਰਬਾਬੀ ਭਰਾਵਾਂ ਨੂੰ ਮਨਾਉਣ ਲਈ ਕੀ ਕੀ ਉਪਰਾਲਾ ਕੀਤਾ ?

*ਉੱਤਰ :* ਰਬਾਬੀ ਭਰਾਵਾਂ ਨੂੰ ਮਨਾਉਣ ਲਈ ਸਤਿਗੁਰਾਂ ਨੇ ਇਹਨਾਂ ਪਾਸ ਇਕ ਸਿਖ ਭੇਜਿਆ, ਜਿਸਨੇ ਸਤਿਗੁਰਾਂ ਦਾ ਸੰਦੇਸ਼ ਦੇ ਕੇ ਨਿਮ੍ਰਤਾ ਸਹਿਤ ਇਹਨਾਂ ਨੂੰ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਕੀਰਤਨ ਦੀ ਸੇਵਾ ਨਿਭਾਉਣ ਲਈ ਬੇਨਤੀ ਕੀਤੀ, ਪਰ ਉਹ ਨਾ ਮੰਨੇ। ਸਤਿਗੁਰੂ ਜੀ ਨੇ ਨਿਕਟਵਰਤੀ ਸਿਖ ਭੇਜਿਆ, ਪਰ ਉਹ ਫਿਰ ਵੀ ਆਪਣੀ ਅੜੀ 'ਤੇ ਅੜੇ ਰਹੇ। ਤੀਜੀ ਵਾਰੀ ਸਤਿਗੁਰੂ ਜੀ ਖ਼ੁਦ ਉਹਨਾਂ ਦੇ ਘਰ ਚਲ ਕੇ ਗਏ ਅਤੇ ਕੀਰਤਨ ਦੀ ਸੇਵਾ ਲਈ ਗੁਰੂ ਦਰਬਾਰ ਹਾਜ਼ਰ ਹੋਣ ਲਈ ਪ੍ਰੇਮ ਨਾਲ

ਪ੍ਰੇਰਨਾ ਕੀਤੀ ਅਤੇ ਸਮਝਾਇਆ ਕਿ ਸਿਖ ਸੰਗਤਾਂ ਦੇ ਚੜ੍ਹਾਵੇ ਦੀ ਪਹਿਲਾਂ ਦਿੱਤੀ ਗਈ ਰਕਮ ਵਿਆਹ ਲਈ ਕਾਫ਼ੀ ਹੈ, ਉਸ ਨਾਲ ਕਾਰਜ ਭਲੀ ਭਾਂਤ ਨੇਪਰੇ ਚੜ੍ਹ ਸਕਦਾ ਹੈ। ਸ਼ਰਧਾ-ਪ੍ਰੇਮ ਨਾਲ ਸਿਖ ਸੰਗਤਾਂ ਦੀ ਕੀਰਤਨ ਨਾਲ ਸੇਵਾ ਕਰੋ। ਸੰਗਤ ਕਾਮਧੇਨ ਹੈ, ਤੁਹਾਨੂੰ ਕਿਸੇ ਗੱਲ ਦੀ ਥੁੜ ਨਹੀਂ ਆਉਣ ਦੇਵੇਗੀ। ਪਰ ਗੁੱਸੇ ਅਤੇ ਹੰਕਾਰ ਵਿਚ ਬੋਲ-ਕਬੋਲ ਬੋਲੀ ਗਏ।

੬. **ਪ੍ਰਸ਼ਨ :** ਰਬਾਬੀ ਭਰਾਵਾਂ (ਭਾਈ ਸਤਾ ਜੀ ਤੇ ਰਾਇ ਬਲਵੰਡ ਜੀ) ਨੂੰ ਫਿਟਾ ਕਿਸ ਕਾਰਨ ਪਿਆ ?

*ਉੱਤਰ :* ਜਦੋਂ ਲਾਲਚ-ਵਸ ਹੋ ਕੇ ਰੁਸੇ ਹੋਏ ਰਬਾਬੀ ਭਰਾ, ਇਕ ਇਕ ਕਰ ਕੇ ਭੇਜੇ ਗਏ ਦੋ ਗੁਰਸਿੱਖਾਂ ਦੀ ਬੇਨਤੀ ਉੱਤੇ ਵੀ ਕੀਰਤਨ ਦੀ ਸੇਵਾ ਲਈ ਹਾਜ਼ਰ ਹੋਣੋਂ ਨਾ ਮੰਨੇ ਤਾਂ ਸਤਿਗੁਰੂ ਗੁਰੂ ਅਰਜਨ ਦੇਵ ਜੀ ਖ਼ੁਦ ਉਹਨਾਂ ਦੇ ਘਰ ਚੱਲ ਕੇ ਗਏ ਅਤੇ ਪ੍ਰੇਮ ਨਾਲ ਉਹਨਾਂ ਨੂੰ ਸਮਝਾਣ ਦਾ ਜਤਨ ਕੀਤਾ ਕਿ ਸੰਗਤਾਂ ਦੇ ਪ੍ਰੇਮ-ਚੜ੍ਹਾਵੇ ਵਿਚੋਂ ਪਹਿਲਾਂ ਦਿੱਤੀ ਗਈ ਮਾਇਆ ਨਾਲ ਵਿਆਹ ਦਾ ਕਾਰਜ ਭਲੀ ਪ੍ਰਕਾਰ ਨੇਪਰੇ ਚੜ੍ਹ ਸਕਦਾ ਹੈ ਅਤੇ ਉਹਨਾਂ ਦੀ ਹਰ ਮੰਗ ਪੂਰੀ ਕਰਨ ਲਈ ਸੰਗਤਾਂ ਕਾਮਧੇਨ ਹਨ, ਪਰ ਉਹ ਹੰਕਾਰ ਵਿਚ ਆਫਰੇ ਹੋਏ ਬੋਲੇ, "ਅਸੀਂ ਹੀ ਤੁਹਾਡੀ ਸੋਭਾ ਨੂੰ ਸਥਾਪਿਤ ਕਰਨ ਵਾਲੇ ਹਾਂ, ਪਰ ਤੁਸਾਂ ਸਾਡੀ ਕੋਈ ਕਦਰ ਨਹੀਂ ਪਾਈ।" ਸਤਿਗੁਰੂ ਜੀ ਨੇ ਇਹਨਾਂ ਬਚਨਾਂ ਦਾ ਵੀ ਕੋਈ ਗੁੱਸਾ ਨਾ ਮਨਾਇਆ ਅਤੇ ਪਿਆਰ ਨਾਲ ਉਹਨਾਂ ਨੂੰ ਧੀਰਜ-ਧਰਵਾਸ ਦੇ ਕੇ ਰਾਜ਼ੀ ਕਰਨ ਦਾ ਜਤਨ ਕੀਤਾ, ਪਰ ਹਉਮੈ-ਹੰਕਾਰ ਦੇ ਨਸ਼ੇ ਵਿਚ ਬੋਲ-ਕਬੋਲ ਬੋਲੀ ਗਏ, "ਗੁਰੂ ਨਾਨਕ ਦੇਵ ਨੂੰ ਕੌਣ ਜਾਣਦਾ ਸੀ, ਸਾਡੇ ਬਜ਼ੁਰਗ ਭਾਈ ਮਰਦਾਨਾ ਜੀ ਦੇ ਕੀਰਤਨ ਸਦਕਾ ਹੀ ਉਹਨਾਂ ਦੀ ਪ੍ਰਸਿੱਧੀ ਹੋਈ ਅਤੇ ਭਾਈ ਲਹਣਾ ਵੀ ਗੁਰੂ ਪਦਵੀ ਉੱਤੇ ਅਸਾਂ ਰਬਾਬੀ ਲੋਕਾਂ ਦੀ ਘਾਲਣਾ ਸਦਕਾ ਸਥਾਪਿਤ ਹੋਏ ਅਤੇ ਹੁਣ ਤੁਹਾਡੀ ਮਹਿਮਾ ਵੀ ਸਾਡੇ ਕਰਕੇ ਹੀ ਹੋਈ ਹੈ। ਅਸੀਂ ਹੁਣ ਕੋਈ ਹੋਰ ਗੁਰੂ ਬਣਾ

ਕੇ ਉਸ ਦਾ ਜਸ ਗਾਵਾਂਗੇ। ਤੁਹਾਨੂੰ ਸਾਡੀ ਕਦਰ ਨਹੀਂ ਪਈ।" ਆਪਣੀ ਨਿਰਾਦਰੀ ਦਾ ਤਾਂ ਸਤਿਗੁਰਾਂ ਨੇ ਬੁਰਾ ਨਾ ਮਨਾਇਆ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਨਿੰਦਾ ਸੁਣ ਕੇ ਸਹਾਰ ਨਾ ਸਕੇ। ਸੁਤੇ ਸਿਧ ਹੀ ਮੁਖਾਰਬਿੰਦ ਤੋਂ ਬਚਨ ਨਿਕਲਿਆ, "ਹਉਮੈ-ਹੰਕਾਰ ਵਿਚ ਤੁਸੀਂ ਫਿਟ ਗਏ ਹੋ।" ਫਿਰ ਨਾਲ ਹੀ ਇਹ ਬਚਨ ਕੀਤਾ, "ਇਨ੍ਹਾਂ ਨੂੰ ਕੋਈ ਸਿਖ ਮੂੰਹ ਨਾ ਲਾਵੇ। ਜੋ ਇਨ੍ਹਾਂ ਦੀ ਸਿਫ਼ਾਰਸ਼ ਕਰੇਗਾ, ਉਹ ਵੀ ਨਸ਼ਰ ਹੋਵੇਗਾ।" ਬਸ, ਕਥਨ ਹੋਣ ਦੀ ਦੇਰ ਸੀ, ਮਨ ਤਾਂ ਇਹਨਾਂ ਦਾ ਪਹਿਲਾਂ ਹੀ ਫਿਟਿਆ ਪਿਆ ਸੀ, ਸਰੀਰ ਵਿਚ ਵੀ ਫੋਟਾ ਪੈਣਾ ਸ਼ੁਰੂ ਹੋ ਗਿਆ।

੭. **ਪ੍ਰਸ਼ਨ :** ਰਬਾਬੀ ਭਰਾਵਾਂ (ਭਾਈ ਸਤਾ ਜੀ ਅਤੇ ਰਾਇ ਬਲਵੰਡ ਜੀ) ਦਾ ਫੋਟਾ ਦੂਰ ਕਿਵੇਂ ਹੋਇਆ ?

*ਉੱਤਰ :* ਆਪਣੀ ਕਰਣੀ ਕਰਤੂਤਿ ਉੱਤੇ ਪਸ਼ੇਮਾਨ ਹੋਏ ਅਤੇ ਪਸਚਾਤਾਪ ਕਰ ਰਹੇ ਰਬਾਬੀ ਭਰਾਵਾਂ ਦੇ ਦੋਸ਼-ਮੁਆਫ਼ੀ ਬਾਰੇ ਪਰਉਪਕਾਰੀ ਭਾਈ ਲੱਧਾ ਜੀ ਵਲੋਂ ਕੀਤੀ ਬੇਨਤੀ, ਸਤਿਗੁਰਾਂ ਨੇ ਪਰਵਾਨ ਕਰ ਲਈ ਅਤੇ ਫ਼ੁਰਮਾਇਆ ਕਿ ਜਿਸ ਮੂੰਹ ਨਾਲ ਇਹਨਾਂ ਨੇ ਗੁਰੂ-ਨਿੰਦਿਆ ਕੀਤੀ ਹੈ, ਉਸ ਦੁਆਰਾ ਹੁਣ ਗੁਰੂ-ਉਸਤਤਿ ਕਰਨ, ਸਤਿਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਦੁਆਰਾ ਰੋਗ ਨਿਵਿਰਤ ਹੋ ਜਾਵੇਗਾ। ਗੁਰੂ ਪਾਤਿਸ਼ਾਹ ਜੀ ਦੀ ਬਖ਼ਸ਼ਸ਼ ਸਦਕਾ ਉਹਨਾਂ ਨੂੰ ਆਤਮ-ਸੋਝੀ ਹੋ ਆਈ। ਸੋ, ਉਹਨਾਂ ਵਲੋਂ ਸ਼ਰਧਾ-ਪ੍ਰੇਮ ਵਿਚ ਤ੍ਰਿਬੁਡ ਹੋ ਕੇ ਅਤੇ ਗੁਰੂ-ਚਰਨਾਂ ਵਿਚ ਲੀਨ ਹੋ ਕੇ ਇਹ ਵਾਰ ਉਚਾਰਨ ਕੀਤੀ ਗਈ। (ਸੰਗਤ ਦੀ ਬੇਨਤੀ ਉੱਤੇ ਸਤਿਗੁਰਾਂ ਨੇ ਇਹ ਵਾਰ ਪੋਥੀ ਸਾਹਿਬ ਵਿਚ ਚੜ੍ਹਾਉਣੀ ਪ੍ਰਵਾਨ ਕਰ ਲਈ) ਜਿਉਂ ਜਿਉਂ ਗੁਰੂ ਚਰਨਾਂ ਵਿਚ ਲੀਨ-ਅਵਸਥਾ ਵਿਚ ਟਿਕ ਕੇ ਉਹ ਵਾਰ ਉਚਾਰੀ ਗਈ, ਫੋਟਾ ਘਟਦਾ ਗਿਆ ਅਤੇ ਅੰਤ ਨੂੰ ਮੂਲੋਂ ਹੀ ਨਿਵਿਰਤ ਹੋ ਗਿਆ।

੮. **ਪ੍ਰਸ਼ਨ :** ਭਾਈ ਲੱਧਾ ਜੀ ਕੌਣ ਸਨ ? ਉਹਨਾਂ ਨੇ ਰਬਾਬੀ ਭਰਾਵਾਂ ਵਲੋਂ ਕੀਤੀ ਅਵੱਗਿਆ ਸਤਿਗੁਰਾਂ ਤੋਂ ਕਿਵੇਂ ਬਖ਼ਸ਼ਵਾਈ ?

*ਉੱਤਰ :* (ੳ) ਭਾਈ ਲੱਧਾ ਜੀ ਲਾਹੌਰ ਵਿਚ ਰਹਿਣ ਵਾਲੇ ਇਕ ਸਿਦਕੀ ਗੁਰਸਿਖ ਸਨ। ਉਹ ਦੈਵੀ-ਗੁਣਾਂ ਨਾਲ ਭਰਪੂਰ ਉੱਤਮ ਸ਼ਖ਼ਸੀਅਤ ਦੇ ਸੁਆਮੀ ਸਨ ਅਤੇ ਲੋਕ-ਭਲਾਈ ਦੀ ਵਿਸ਼ੇਸ਼ ਖ਼ੂਬੀ ਦੇ ਤੁਫ਼ੈਲ ਉਹਨਾਂ ਦੀ ਅਲ 'ਪਰਉਪਕਾਰੀ' ਪਈ ਹੋਈ ਸੀ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਪੰਜਵੇਂ ਸਤਿਗੁਰੂ ਜੀ ਦੇ ਸਿੱਖਾਂ ਦੀ ਸੂਚੀ ਵਿਚ ਭਾਈ ਲੱਧਾ ਜੀ ਦਾ ਨਾਮ ਇਸ ਪ੍ਰਕਾਰ ਵਰਣਾਇਆ ਹੈ :

**ਲਖੂ ਵਿਚਿ ਪਟੋਲੀਆ ਭਾਈ ਲਧਾ ਪਰਉਪਕਾਰੀ ॥**

*(ਪਉੜੀ ੨੫, ਵਾਰ ੧੧)*

(ਅ) ਛੋਟਾ ਪੈ ਜਾਣ ਕਾਰਨ ਰਬਾਬੀ ਭਰਾ ਅਤਿ ਦੁਖੀ ਹੋ ਗਏ। ਗੁਰੂ-ਨਿੰਦਕ ਹੋਣ ਕਾਰਨ, ਪੁਕਾਰ ਸੁਣਨ ਦੀ ਗੱਲ ਤਾਂ ਇਕ ਪਾਸੇ ਰਹੀ, ਕੋਈ ਗੁਰਸਿਖ ਉਹਨਾਂ ਨੂੰ ਮੂੰਹ ਹੀ ਨਹੀਂ ਸੀ ਲਾਉਂਦਾ। ਲਾਚਾਰੀ ਦੀ ਹਾਲਤ ਵਿਚ ਉਹਨਾਂ ਨੂੰ ਭਾਈ ਲੱਧਾ ਜੀ ਦਾ ਚੇਤਾ ਫੁਰਿਆ ਕਿ ਉਹ ਪਰਉਪਕਾਰੀ ਬਿਰਤੀ ਕਰਕੇ ਪ੍ਰਸਿੱਧ ਹਨ, ਸ਼ਾਇਦ, ਉਹ ਸਾਡੀ ਬਾਂਹ ਫੜ ਕੇ ਸਾਡਾ ਦੋਸ਼ ਮੁਆਫ਼ ਕਰਾ ਦੇਣ। ਸੋ, ਉਦਮ ਕਰਕੇ ਦੋਵੇਂ ਭਰਾ ਲਾਹੌਰ ਜਾ ਪੁੱਜੇ ਅਤੇ ਭਾਈ ਲੱਧਾ ਜੀ ਦੇ ਘਰ ਜਾ ਪੁਕਾਰ ਕੀਤੀ। ਭਾਈ ਜੀ ਦੇ ਪਰਿਵਾਰ ਨੂੰ ਇਹ ਪਤਾ ਸੀ ਕਿ ਇਹ ਗੁਰੂ ਕੇ ਨਿੰਦਕ ਗੁਰੂ-ਦਰੋਂ ਫਿਟਕਾਰੇ ਹੋਏ ਹਨ ਅਤੇ ਸਤਿਗੁਰਾਂ ਦਾ ਹੁਕਮ ਹੈ ਕਿ ਕੋਈ ਗੁਰਸਿਖ ਇਹਨਾਂ ਨੂੰ ਮੂੰਹ ਨਾ ਲਾਵੇ। ਸੋ, ਉਹਨਾਂ ਦੀ ਘਰਵਾਲੀ ਨੇ ਅੰਦਰੋਂ ਕੁੰਡਾ ਲਾ ਲਿਆ। ਪਰ ਇਹਨਾਂ ਦਰਦ-ਮੰਦਾਂ ਦੀਆਂ ਪੁਕਾਰਾਂ ਸੁਣ ਕੇ ਭਾਈ ਲੱਧਾ ਜੀ ਦਾ ਮਨ ਦ੍ਰਵ ਗਿਆ। ਉਹਨਾਂ ਨੇ ਕੁੰਡਾ ਖੋਲ੍ਹਿਆ ਅਤੇ ਮੂੰਹ ਅੱਗੇ ਪਰਦਾ ਤਾਣ

ਕੇ ਉਹਨਾਂ ਦੀ ਵਿਥਿਆ ਸੁਣੀ। ਦੀਨ-ਦੁਨੀਆ ਦੇ ਮਹਿਰਮ ਭਾਈ ਲੱਧਾ ਜੀ ਨੇ ਵਿਚਾਰਿਆ ਕਿ ਇਹ ਅਤਿ ਦੁਖੀ ਹਾਲਤ ਵਿਚ ਹਨ ਅਤੇ ਹੁਣ ਆਪਣੀ ਕਰਣੀ-ਕਰਤੂਤਿ ਉੱਤੇ ਪਸ਼ੇਮਾਨ ਹੋ ਕੇ ਪਸ਼ਚਾਤਾਪ ਕਰਦੇ ਹਨ, ਇਹਨਾਂ ਦੀ ਬਾਂਹ ਫੜਨਾ ਗੁਰਸਿੱਖੀ ਫ਼ਰਜ਼ ਬਣਦਾ ਹੈ। ਸੋ, ਭਾਈ ਜੀ ਨੇ ਇਹਨਾਂ ਦੀ ਭੁੱਲ ਬਖ਼ਸ਼ਵਾਉਣ ਲਈ ਸਤਿਗੁਰਾਂ ਨੂੰ ਬੇਨਤੀ ਕਰਨ ਦਾ ਭਰੋਸਾ ਦੇ ਕੇ ਇਹਨਾਂ ਨੂੰ ਢਾਰਸ ਦਿੱਤੀ।

ਫਿਰ ਦਿਲ ਵਿਚ ਸੋਚਿਆ, ਸਤਿਗੁਰਾਂ ਦਾ ਹੁਕਮ ਹੈ ਕਿ ਜਿਹੜਾ ਕੋਈ ਗੁਰੂ-ਨਿੰਦਕਾਂ ਨੂੰ ਮੂੰਹ ਲਾਵੇਗਾ ਅਤੇ ਉਹਨਾਂ ਦਾ ਪੱਖ ਪੂਰੇਗਾ, ਉਹ 'ਨਸ਼ਰ' ਹੋਵੇਗਾ।

ਸੋ, ਪਰਉਪਕਾਰ ਦੀ ਭਾਵਨਾ ਅਧੀਨ ਭਾਈ ਜੀ ਨੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਉਹ ਸਤਿਗੁਰੂ ਜੀ ਅੱਗੇ ਬੇਨਤੀ ਕਰਨ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਨਸ਼ਰ ਕਰ ਲੈਣਗੇ। ਇਸ ਮੰਤਵ ਲਈ ਮੂੰਹ ਸਿਰ ਕਾਲਾ ਕਰ ਲਿਆ, ਖੋਤੇ ਉੱਤੇ, ਪੂਛਲ ਵੱਲ ਮੂੰਹ ਕਰਕੇ ਬੈਠ ਗਏ। ਅੱਗੇ ਅੱਗੇ ਢੋਲ ਵਾਲਾ, ਪਿੱਛੇ ਪਿੱਛੇ ਖੋਤੇ ਉੱਤੇ ਚੜ੍ਹੇ ਭਾਈ ਜੀ ਲਾਹੌਰ ਤੋਂ ਅੰਮ੍ਰਿਤਸਰ ਵਲ ਤੁਰ ਪਏ। ਜਦੋਂ ਗੁਰੂ-ਦਰਬਾਰ ਦੇ ਨੇੜੇ ਪੁੱਜੇ ਤਾਂ ਤਮਾਸ਼ਬੀਨਾਂ ਦੀ 'ਹੁਈ' 'ਹੁਈ' ਅਤੇ ਢੋਲ ਢਮੱਕੇ ਦੀ ਆਵਾਜ਼ ਸੁਣ ਕੇ ਸਤਿਗੁਰਾਂ ਨੇ ਪੁੱਛ ਕੀਤੀ, "ਕੀ ਗੱਲ ਹੈ, ਏਨਾ ਰੌਲਾ-ਰੱਪਾ ਪੈ ਰਿਹਾ ਹੈ ?" ਨਿਕਟਵਰਤੀ ਗੁਰਸਿੱਖਾਂ ਨੇ ਦੱਸਿਆ ਕਿ ਆਪ ਜੀ ਦੇ ਬਚਨ ਦੀ ਪਾਲਣਾ ਵਜੋਂ ਭਾਈ ਲੱਧਾ ਆਪਣੇ ਆਪ ਨੂੰ ਲਾਹੌਰ ਤੋਂ ਨਸ਼ਰ ਕਰਦਾ ਆ ਰਿਹਾ ਹੈ ਤਾਂ ਜੁ ਦੁਖੀ ਹੋਏ ਅਤੇ ਆਪਣੀ ਕਰਣੀ-ਕਰਤੂਤਿ 'ਤੇ ਪਸ਼ਚਾਤਾਪ ਕਰ ਰਹੇ ਭਾਈ ਸਤਾ ਅਤੇ ਰਾਇ ਬਲਵੰਡ ਦੇ ਦੋਸ਼ ਦੀ ਮੁਆਫ਼ੀ ਲਈ ਆਪ ਦੇ ਚਰਨਾਂ ਵਿਚ ਬੇਨਤੀ ਕਰ ਸਕੇ।

ਸਤਿਗੁਰੂ ਜੀ ਆਪਣੇ ਸਿਖ ਦੀ ਪਰਉਪਕਾਰੀ ਭਾਵਨਾ ਉੱਤੇ ਅੰਦਰੋਂ ਪ੍ਰਸੰਨ ਹੋਏ, ਪਰ ਉਸ ਦੀ ਮੂੰਹ ਸਿਰ ਕਾਲੇ ਵਾਲੀ ਦਸ਼ਾ ਵੇਖ ਕੇ ਦ੍ਰਵ ਗਏ ਅਤੇ ਆਪ ਉਠ ਕੇ ਭਾਈ ਲੱਧਾ ਜੀ ਨੂੰ ਖੋਤੇ ਤੋਂ ਉਤਾਰ, ਉਸਦਾ ਮੂੰਹ ਆਪਣੇ ਕਰ-ਕਮਲਾਂ ਨਾਲ ਧੋਤਾ, ਇਸ਼ਨਾਨ ਕਰਵਾਇਆ ਅਤੇ ਆਪਣਾ ਚੋਲਾ ਉਸ ਨੂੰ ਪਹਿਨਾਇਆ। ਫਿਰ ਆਪਣੇ ਸਿਖ ਦੀ ਪਰਉਪਕਾਰ ਵਾਲੀ ਬੇਨਤੀ ਪ੍ਰਵਾਨ ਕਰ ਕੇ ਰਬਾਬੀ ਭਰਾਵਾਂ ਵਲੋਂ ਕੀਤੀ ਅਵੱਗਿਆ ਬਖ਼ਸ਼ ਦਿੱਤੀ ਅਤੇ ਆਪਣੇ ਪਰਉਪਕਾਰੀ ਸਿਖ ਨੂੰ ਬਖ਼ਸ਼ਸ਼ਾਂ ਨਾਲ ਨਿਵਾਜਿਆ।

**੯. ਪ੍ਰਸ਼ਨ :** 'ਨਸ਼ਰ ਹੋਣ' ਤੋਂ ਕੀ ਭਾਵ ਹੈ ?

*ਉੱਤਰ :* 'ਨਸ਼ਰ ਹੋਣਾ' ਮੁਸਲਮਾਨੀ ਹਕੂਮਤ ਸਮੇਂ ਇਕ ਸਜ਼ਾ ਸੀ, ਜਿਸ ਅਧੀਨ ਦੋਸ਼ੀ ਦਾ ਮੂੰਹ ਅਤੇ ਸਿਰ ਕਾਲਾ ਕਰ ਕੇ ਉਸ ਨੂੰ ਖੋਤੇ ਉੱਤੇ, ਪੂਛਲ ਵਲ ਮੂੰਹ ਕਰ ਕੇ ਬਿਠਾਇਆ ਜਾਂਦਾ ਸੀ ਅਤੇ ਢੋਲ ਵਜਾਅ ਕੇ ਸ਼ਹਿਰ ਵਿਚ ਫਿਰਾਇਆ ਜਾਂਦਾ ਅਤੇ ਇੰਜ ਉਸਨੂੰ ਬੇ-ਇਜ਼ਤ ਕੀਤਾ ਜਾਂਦਾ ਸੀ।

**੧੦. ਪ੍ਰਸ਼ਨ :** ਇਹ ਵਾਰ ਕਿਹੜੇ ਸਤਿਗੁਰੂ ਸਾਹਿਬ ਦੇ ਸਮੇਂ ਰਚੀ ਗਈ ?

*ਉੱਤਰ :* ਇਸ ਵਾਰ ਦੀ ਬਣਤਰ ਤੋਂ ਇਸਦੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰੂਤਾ-ਕਾਲ ਸਮੇਂ ਰਚੇ ਜਾਣ ਦਾ ਸੰਕੇਤ ਮਿਲਦਾ ਹੈ। ਪਰ ਇਸ ਵਾਰ ਵਿਚ ਦੂਜੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤੀ ਵਿਚ ਵਧੇਰੇ ਪਉੜੀਆਂ ਹੋਣ ਦੇ ਆਧਾਰ 'ਤੇ ਕਈਆਂ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਵਾਰ ਦੀ ਰਚਨਾ ਦੂਜੇ ਸਤਿਗੁਰੂ ਜੀ ਦੇ ਵੇਲੇ ਹੋਈ। ਇਹ ਵਿਚਾਰ ਹੇਠ ਲਿਖੇ ਤੱਥਾਂ ਦੀ ਰੌਸ਼ਨੀ ਵਿਚ ਠੀਕ ਨਹੀਂ ਭਾਸਦੀ।

(ੳ) ਜੇ ਵਾਰ ਦੂਜੇ ਸਤਿਗੁਰੂ ਜੀ ਦੇ ਸਮੇਂ ਰਚੀ ਗਈ ਹੁੰਦੀ ਤਾਂ ਵਾਰ ਦਾ ਭੋਗ ਪਹਿਲੀਆਂ ਪੰਜ ਪਉੜੀਆਂ ਉੱਤੇ ਹੀ ਪੈ ਜਾਂਦਾ। ਪਰ ਅਜਿਹਾ ਨਹੀਂ, ਸਗੋਂ ਛੇਵੀਂ, ਸਤਵੀਂ ਅਤੇ ਅੱਠਵੀਂ ਪਉੜੀ ਵਿਚ ਕ੍ਰਮਵਾਰ ਤੀਜੀ, ਚੌਥੀ ਅਤੇ ਪੰਜਵੀਂ

ਪਾਤਿਸ਼ਾਹੀ ਦੀ ਉਸਤਤਿ ਕੀਤੀ ਮਿਲਦੀ ਹੈ। ਇਹ ਪਉੜੀਆਂ ਪਹਿਲਾਂ ਹੀ, ਭਾਵ, ਦੂਜੀ ਪਾਤਿਸ਼ਾਹੀ ਦੇ ਸਮੇਂ ਹੀ ਕਿਵੇਂ ਰਚੀਆਂ ਜਾ ਸਕਦੀਆਂ ਸਨ ?

ਦੂਜੀ ਪਾਤਿਸ਼ਾਹੀ ਦੀ ਉਸਤਤਿ ਵਿਚ ਵਧੇਰੇ ਪਉੜੀਆਂ ਹੋਣ ਦਾ ਸੰਭਵ ਕਾਰਨ ਇਹ ਭਾਸਦਾ ਹੈ ਕਿ ਰਬਾਬੀ ਭਰਾਵਾਂ ਵਲੋਂ ਬਹੁਤੀ ਅਵੱਗਿਆ ਭਾਈ ਲਹਣਾ ਜੀ ਦੀ ਕੀਤੀ ਗਈ ਸੀ। ਉਹਨਾਂ ਦਾ ਕਥਨ ਸੀ—"ਭਾਈ ਲਹਣਾ ਤਾਂ ਇਕ ਸਾਧਾਰਨ ਵਿਅਕਤੀ ਸੀ, ਜੇ ਅਸੀਂ ਰਬਾਬੀ ਉਸ ਦਾ ਪੱਖ ਨਾ ਪੂਰਦੇ ਤਾਂ ਉਹਨੂੰ ਗੁਰੂ ਕੌਣ ਮੰਨਦਾ ? ਅਸੀਂ ਰਬਾਬੀ ਲੋਕ ਹੀ ਉਸ ਨੂੰ ਗੁਰੂ ਬਣਾਉਣ ਦਾ ਪ੍ਰਮੁਖ ਵਸੀਲਾ ਸਾਂ।"

ਚੂੰਕਿ, ਦੂਜੇ ਸਤਿਗੁਰੂ ਜੀ ਦੀ ਵਧੇਰੇ ਨਿੰਦਿਆ ਕੀਤੀ ਗਈ ਸੀ, ਉਹਨਾਂ ਦੀ ਉਸਤਤਿ ਵੀ ਵਧੇਰੇ ਹੀ ਕੀਤੀ ਗਈ।

(ਅ) ਭਾਈ ਲੱਧਾ ਜੀ, ਜਿਨ੍ਹਾਂ ਨੇ ਭਾਈ ਸਤਾ ਜੀ ਅਤੇ ਰਾਇ ਬਲਵੰਡ ਜੀ ਦੇ ਦੋਸ਼ ਦੀ ਮੁਆਫ਼ੀ ਲਈ ਗੁਰੂ ਜੀ ਪਾਸ ਵਿਚੋਲਗੀ ਕੀਤੀ ਸੀ, ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਏ ਅਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਉਹਨਾਂ ਦੀ ਗਿਣਤੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੀ ਸੂਚੀ ਵਿਚ ਕੀਤੀ ਹੋਈ ਹੈ :

**ਲਖੂ ਵਿਚਿ ਪਟੋਲੀਆ ਭਾਈ ਲਧਾ ਪਰਉਪਕਾਰੀ ॥**

*(ਪਉੜੀ ੨੫, ਵਾਰ ੧੧)*

੧੧. ਪ੍ਰਸ਼ਨ : ਇਸ ਵਾਰ ਨੂੰ 'ਟਿਕੇ ਦੀ ਵਾਰ' ਕਿਉਂ ਕਿਹਾ ਜਾਂਦਾ ਹੈ ?

*ਉੱਤਰ :* ਇਸ ਵਾਰ ਵਿਚ 'ਟਿਕ' ਧਾਤੂ ਤੋਂ ਬਣੇ ਕਈ ਸ਼ਬਦ (ਕ੍ਰਿਦੰਤ ਜਾਂ ਕ੍ਰਿਆ-ਰੂਪ) ਮਿਲਦੇ ਹਨ, ਜਿਵੇਂ :

(ੳ) **ਜਾ ਸੁਧੋਸੁ ਤਾ ਲਹਣਾ ਟਿਕਿਓਨੁ ॥੪॥**

(ਅ) **ਸਹਿ 'ਟਿਕਾ' ਦਿਤੋਸੁ ਜੀਵਦੈ ॥੧॥**

(ੲ) **ਸੋ 'ਟਿਕਾ' ਸੋ ਬੈਹਣਾ ਸੋਈ ਦੀਬਾਣੁ ॥੬॥**

ਸੋ, 'ਟਿਕਾ' ਸ਼ਬਦ ਦੇ ਪੇਸ਼-ਨਜ਼ਰ ਕਈ ਚਿੰਤਕਾਂ ਨੇ ਇਸ ਵਾਰ ਨੂੰ 'ਟਿਕੇ ਦੀ ਵਾਰ' ਦੀ ਸੰਗਯਾ ਦਿੱਤੀ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਇਹ ਵਾਰ ਰਚੇ ਜਾਣ ਮਗਰੋਂ, ਸਮੇਂ ਸਮੇਂ, ਗੁਰ-ਗੱਦੀ ਦੇ ਉਤਰ-ਅਧਿਕਾਰੀਆਂ ਨੂੰ ਗੁਰੂ ਟਿਕੇ ਜਾਣ ਸਮੇਂ ਪੜ੍ਹੀ ਜਾਂਦੀ ਰਹੀ।

ਨੋਟ :—(ੳ) ਟਿੱਕਣਾ ਤੋਂ ਭਾਵ ਹੈ 'ਗੁਰੂ' ਪਦਵੀ ਲਈ ਨਿਸ਼ਚਿਤ ਕਰਨਾ।

(ਅ) 'ਟਿੱਕਾ ਦੇਣ' ਤੋਂ ਭਾਵ, ਕਿਸੇ ਚੰਦਨ ਆਦਿ ਪਰਕਿਰਤਕ ਪਦਾਰਥ ਦਾ ਟਿੱਕਾ ਲਾਉਣ ਤੋਂ ਨਹੀਂ, ਬਲਕਿ 'ਸ਼ਬਦ-ਨੀਸ਼ਾਨ' ਤੋਂ ਹੈ।

**੧੨. ਪ੍ਰਸ਼ਨ :** "ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥" ਵਿਚਲੇ ਭਾਵ ਦੇ ਇਤਿਹਾਸਕ ਪੱਖ ਦਾ ਸੰਖੇਪ ਵਰਣਨ ਕਰੋ ?

*ਉੱਤਰ :* ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੇਂ ਸਮੇਂ ਆਪਣੇ ਪੁੱਤਰਾਂ ਅਤੇ ਸਿੱਖਾਂ-ਸੇਵਕਾਂ ਦੀ ਪ੍ਰੀਖਿਆ ਕੀਤੀ। ਉਹ ਪਹਿਲਾਂ ਆਪਣੇ ਪੁੱਤਰਾਂ ਨੂੰ ਹੁਕਮ ਕਰਦੇ ਅਤੇ ਫਿਰ ਉਹਨਾਂ ਦੇ ਨਾਂਹ-ਨੁਕਰ ਕਰਨ 'ਤੇ ਭਾਈ ਲਹਣਾ ਜੀ ਨੂੰ ਕਹਿੰਦੇ। ਭਾਈ ਲਹਣਾ ਜੀ ਨੂੰ ਹੁਕਮ ਮੰਨਣ ਦਾ, ਸੇਵਾ ਕਰਨ ਦਾ ਬਹੁਤ ਚਾਅ ਸੀ, ਉਹ ਹਰ ਵਾਰ ਗੁਰੂ-ਹੁਕਮ ਦੀ ਪਾਲਨਾ ਕਰ ਕੇ ਸੁਰਖ਼ਰੂ ਹੁੰਦੇ ਰਹੇ।

(ੳ) ਇਕ ਵਾਰ ਗੁਰੂ ਜੀ ਝੋਨੇ ਦੀ ਪੈਲੀ ਵਿਚੋਂ ਘਾਹ-ਬੂਟ ਕਢਾ ਰਹੇ ਸਨ। ਗੁਰੂ ਜੀ ਨੇ ਗਿੱਲੇ-ਗਿੱਲੇ ਘਾਹ ਦੀਆਂ ਤਿੰਨ ਪੰਡਾਂ ਤਿਆਰ ਕਰਵਾਈਆਂ। ਉਹਨਾਂ ਨੇ ਪਹਿਲਾਂ ਆਪਣੇ ਦੋਹਾਂ ਪੁੱਤਰਾਂ ਸ੍ਰੀਚੰਦ ਜੀ ਅਤੇ ਲਖਮੀ ਦਾਸ ਜੀ ਨੂੰ ਇਕ ਇਕ ਪੰਡ ਚੁੱਕ ਕੇ ਹਵੇਲੀ ਲੈ ਜਾਣ ਲਈ ਕਿਹਾ। ਉਹਨਾਂ ਦੋਹਾਂ ਨੇ ਹੀ ਨਾਂਹ ਕਰ ਦਿੱਤੀ ਅਤੇ ਕਿਹਾ, "ਇਹ ਕੰਮ ਸਾਡਾ ਨਹੀਂ, ਸਿੱਖਾਂ-ਸੇਵਕਾਂ ਦਾ ਹੈ।"

ਫਿਰ ਸਤਿਗੁਰੂ ਜੀ ਨੇ ਸ੍ਰੀ ਲਹਣਾ ਜੀ ਵੱਲ ਨਿਗਾਹ ਕੀਤੀ। ਉਨ੍ਹਾਂ ਨੇ ਤੁਰੰਤ ਤਿੰਨੇ ਪੰਡਾਂ ਇਕ ਥਾਂ ਕਰ ਕੇ ਚੁੱਕ ਲਈਆਂ ਅਤੇ ਘਾਹ ਪਸ਼ੂਆਂ ਨੂੰ ਜਾ ਪਾਇਆ। ਘਾਹ ਵਿਚੋਂ ਚਿੱਕੜ ਦੇ ਤੁਪਕੇ ਡਿੱਗ ਡਿੱਗ ਕੇ ਉਨ੍ਹਾਂ ਦੇ ਵੱਡ-ਮੁੱਲੇ ਕੱਪੜਿਆਂ ਉਪਰ ਦਾਗ਼ ਪਾਈ ਗਏ। ਪਰ, ਸ੍ਰੀ ਲਹਣਾ ਜੀ ਨੂੰ ਹੁਕਮ ਮੰਨਣ ਤੇ ਸੇਵਾ ਕਰਨ ਦਾ ਏਨਾ ਚਾਅ ਸੀ ਕਿ ਉਹਨਾਂ ਨੇ ਕੱਪੜੇ ਲਿੱਬੜ ਜਾਣ ਦੀ ਜ਼ਰਾ ਵੀ ਪਰਵਾਹ ਨਾ ਕੀਤੀ।

(ਅ) ਇਕ ਵੇਰ ਗੁਰੂ ਜੀ ਦਾ ਇਕ ਕਟੋਰਾ ਗੰਦੇ ਟੋਏ ਵਿਚ ਡਿੱਗ ਪਿਆ। ਗੁਰੂ ਜੀ ਨੇ ਪੁੱਤਰਾਂ ਨੂੰ ਕਟੋਰਾ ਕੱਢਣ ਲਈ ਕਿਹਾ, ਪਰ ਉਹ ਨਾ ਮੰਨੇ। ਗੁਰੂ ਜੀ ਨੇ ਸ੍ਰੀ ਲਹਣਾ ਜੀ ਵੱਲ ਇਸ਼ਾਰਾ ਕੀਤਾ, ਉਹ ਝੱਟ ਟੋਏ ਵਿਚ ਕੁੱਦ ਪਏ ਅਤੇ ਕਟੋਰਾ ਕੱਢ ਕੇ, ਧੋ-ਮਾਂਜ ਕੇ ਸਤਿਗੁਰੂ ਜੀ ਪਾਸ ਲੈ ਆਂਦਾ।

(ੲ) ਇਕ ਵੇਰ ਸਿਆਲ ਦੀ ਰੁਤੇ ਠੰਢੀ ਹਵਾ ਵਗ ਰਹੀ ਸੀ। ਗੁਰੂ ਜੀ ਰਾਵੀ 'ਤੇ ਇਸ਼ਨਾਨ ਕਰਨ ਗਏ। ਕਈ ਸਿਖ-ਸੇਵਕ ਆਪ ਜੀ ਦੇ ਨਾਲ ਸਨ। ਸਤਿਗੁਰੂ ਜੀ ਇਸ਼ਨਾਨ ਕਰਨ ਲੱਗ ਪਏ। ਸਿਖ ਕੰਢੇ ਉੱਤੇ ਖੜ੍ਹੇ ਰਹੇ। ਇੰਨੇ ਨੂੰ ਜ਼ੋਰ ਦਾ ਮੀਂਹ ਵਰ੍ਹਨ ਲੱਗ ਪਿਆ। ਮੀਂਹ ਤੋਂ ਬਚਣ ਲਈ ਲਾਗੇ ਆਸਰਾ ਕੋਈ ਨਹੀਂ ਸੀ। ਬਾਕੀ ਦੇ ਸਿਖ ਸਭ ਡੇਰੇ ਨੂੰ ਮੁੜ ਗਏ। ਸ੍ਰੀ ਲਹਣਾ ਜੀ ਉਥੇ ਹੀ ਖਲੋਤੇ ਰਹੇ। ਜਦ ਚੋਖੇ ਚਿਰ ਮਗਰੋਂ ਗੁਰੂ ਜੀ ਇਸ਼ਨਾਨ ਕਰ ਕੇ ਨਿਕਲੇ, ਤਾਂ ਉਹਨਾਂ ਨੇ ਸ੍ਰੀ ਲਹਣਾ ਜੀ ਨੂੰ ਕਿਹਾ, "ਪੁਰਖਾ! ਹੋਰ ਸਭ ਚਲੇ ਗਏ, ਤੁਸੀਂ ਕਿਉਂ ਨਾ ਗਏ?" ਸ੍ਰੀ ਲਹਣਾ ਜੀ ਨੇ ਉੱਤਰ ਦਿੱਤਾ, "ਪਾਤਿਸ਼ਾਹ! ਮੈਂ ਆਪ ਜੀ ਦਾ ਸੇਵਕ ਹਾਂ ਅਤੇ ਆਪ ਜੀ ਬਗ਼ੈਰ ਮੇਰਾ ਕੋਈ ਹੋਰ ਟਿਕਾਣਾ ਹੈ ਈ ਨਹੀਂ।"

(ਸ) ਇਕ ਰਾਤ ਜ਼ੋਰ ਦਾ ਮੀਂਹ ਵਰ੍ਹ ਰਿਹਾ ਸੀ। ਧਰਮਸਾਲ ਦੀ

ਇਕ ਕੰਧ ਡਿੱਗ ਪਈ। ਸਤਿਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਕਿਹਾ, "ਕੰਧ ਬਣਾਉ।" ਉਹ ਅੱਗੋਂ ਕਹਿਣ ਲੱਗੇ, "ਜੀ, ਦਿਨ ਚੜ੍ਹ ਲੈਣ ਦਿਓ ਅਤੇ ਮੀਂਹ ਹਟ ਲੈਣ ਦਿਓ, ਵਰ੍ਹਦੇ ਮੀਂਹ ਵਿਚ ਕੱਚੀ ਕੰਧ ਕਿਵੇਂ ਠਹਿਰ ਸਕਦੀ ਹੈ?" ਸਤਿਗੁਰੂ ਜੀ ਨੇ ਫਿਰ ਸ੍ਰੀ ਲਹਣਾ ਜੀ ਨੂੰ ਹੁਕਮ ਕੀਤਾ। ਉਹ 'ਸਤਿ ਬਚਨ' ਆਖ ਕੇ ਕੰਧ ਬਨਾਉਣ ਵਿਚ ਜੁੱਟ ਗਏ। ਕੱਚੀ ਕੰਧ ਨਾਲੋ-ਨਾਲ ਮੀਂਹ ਕਾਰਨ ਡਿਗਦੀ ਜਾਵੇ ਅਤੇ ਉਹ ਮੁੜ ਮੁੜ ਬਣਾਈ ਜਾਣ। ਉਹ ਆਪਣੇ ਆਪ ਨੂੰ ਕਹਿਣ, "ਸੇਵਕ ਨੇ ਤਾਂ ਹੁਕਮ ਮੰਨਣਾ ਹੈ, ਕੰਮ ਸਿਰੇ ਚੜ੍ਹੇ ਜਾਂ ਨਾ, ਇਹ ਸਤਿਗੁਰੂ ਜੀ ਦੇ ਵੱਸ ਹੈ।"

(ਹ) ਇਕ ਵੇਰ ਰਾਤ ਵੇਲੇ ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਕਿਹਾ, "ਦਰਿਆ 'ਤੇ ਜਾ ਕੇ ਕੱਪੜੇ ਧੋ ਲਿਆਓ।" ਪੁੱਤਰਾਂ ਨੇ ਉੱਤਰ ਦਿੱਤਾ, "ਏਨੇ ਸਾਰੇ ਸਿਖ ਕਾਹਦੇ ਲਈ ਹਨ?" ਪਰ ਸ੍ਰੀ ਲਹਣਾ ਜੀ ਹੁਕਮ ਮਿਲਦੇ ਸਾਰ ਕੱਪੜੇ ਲੈ ਕੇ ਝੱਟ ਦਰਿਆ 'ਤੇ ਚਲੇ ਗਏ ਅਤੇ ਕਪੜੇ ਧੋ, ਸੁਕਾਅ ਕੇ ਲੈ ਆਏ।

ਇਸ ਤਰ੍ਹਾਂ ਗੁਰੂ ਜੀ ਨੇ ਸਿੱਖਾਂ ਅਤੇ ਪੁੱਤਰਾਂ ਨੂੰ ਕਈ ਵਾਰ ਪਰਖਿਆ। ਸਾਰਿਆਂ ਵਿਚੋਂ ਭਾਈ ਲਹਣਾ ਜੀ ਹਰ ਵੇਰ ਪੂਰੇ-ਸੂਰੇ ਉਤਰੇ।

੧੩. ਪ੍ਰਸ਼ਨ : 'ਰਾਮਕਲੀ ਕੀ ਵਾਰ' ਦੀ ਪਹਿਲੀ ਪਉੜੀ ਵਿਚ ਆਏ ਸ਼ਬਦ-ਜੁਟ 'ਦੇ ਗੁਨਾ' ਦਾ ਅਰਥ-ਭਾਵ ਕੀ ਹੈ? ਅਜਿਹੇ ਪੰਜ ਗੁਣਾਂ ਦਾ ਵਰਣਨ ਕਰੋ?

*ਉੱਤਰ :* 'ਦੇ ਗੁਨਾ' ਦਾ ਅਰਥ ਹੈ ਦੈਵੀ (ਸਾਤ੍ਵਿਕ ਭਾਵ ਸ਼ੁਭ) ਗੁਣ, ਜਿਹਾ ਕਿ ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ।

੧੪. ਪ੍ਰਸ਼ਨ : 'ਰਾਮਕਲੀ ਕੀ ਵਾਰ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਰਾਜ ਚਲਾਏ ਜਾਣ ਦਾ ਵਰਣਨ ਹੈ, ਇਹ ਕਿਸ ਕਿਸਮ ਦਾ ਰਾਜ ਹੈ?

ਉੱਤਰ : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰੋਲ ਸੱਚ ਦੇ ਵਰਤਾਰੇ ਵਾਲਾ ਹਲੇਮੀ ਰਾਜ ਚਲਾਇਆ।

**ਨਾਨਕ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ॥੧॥**

੧੫. ਪ੍ਰਸ਼ਨ : (ੳ) ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਭਾਈ ਲਹਣਾ ਜੀ ਨੂੰ ਗੁਰੂ ਟਿੱਕ ਕੇ, ਉਹਨਾਂ ਦੇ ਸਿਰ ਉੱਤੇ ਗੁਰਤਾ ਦਾ ਛਤਰ, ਉਹਨਾਂ ਦੇ ਕਿਹੜੇ ਗੁਣਾਂ ਕਰਕੇ ਝੁਲਾਇਆ ਗਿਆ ?

(ਅ) ਪੁੱਤਰ ਗੁਰ-ਗੱਦੀ ਤੋਂ ਕਿਉਂ ਵੰਚਿਤ ਰਹੇ ?

ਉੱਤਰ : (ੳ) ਭਾਈ ਲਹਣਾ ਜੀ ਦੇ ਸਿਰ ਉੱਤੇ ਗੁਰਤਾ ਦਾ ਛਤਰ ਇਸ ਲਈ ਝੁਲਾਇਆ ਗਿਆ, ਕਿਉਂਜੁ ਉਹ ਪੂਰਨ ਤੌਰ 'ਤੇ ਸਤਿਗੁਰੂ ਜੀ ਨੂੰ ਸਮਰਪਿਤ ਸਨ। ਉਹ ਗੁਰੂ ਜੀ ਦੀ ਦਰਸਾਈ ਸੇਵਾ ਵਿਚ ਤਤਪਰ ਹੁੰਦੇ ਹੋਏ, ਰੱਬੀ ਸਿਫ਼ਤਿ-ਸਾਲਾਹ ਕਰ ਕੇ ਨਾਮ-ਅੰਮ੍ਰਿਤ ਪੀਣ ਵਾਲੇ ਧਰਮੱਗ ਪੁਰਸ਼ ਸਨ।

**ਲਹਣੇ ਧਰਿਓਨੁ ਛਤ੍ਰੁ ਸਿਰਿ,**
**ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥੧॥**

(ਅ) 'ਪੁੱਤਰ' ਗੁਰ-ਗੱਦੀ ਤੋਂ ਵੰਚਿਤ ਰਹੇ, ਕਿਉਂਜੁ ਉਹ ਗੁਰੂ-ਪਿਤਾ ਦੇ ਬਚਨਾਂ ਦੀ ਪਾਲਨਾ ਵਲੋਂ ਅਵੇਸਲੇ ਰਹੇ। ਉਹਨਾਂ ਗੁਰੂ-ਹਜ਼ੂਰ ਨੂੰ ਸਾਧਾਰਨ ਪਿਤਾ ਤੋਂ ਵੱਧ ਕੁਝ ਨਾ ਜਾਤਾ ਅਤੇ ਗੁਰੂ-ਪੀਰ ਮੰਨਣ ਤੋਂ ਪਾਸਾ ਵੱਟੀ ਰੱਖਿਆ। ਮਨੋਂ ਖੋਟੇ ਹੋਣ ਕਰਕੇ ਗੁਰੂ-ਹਜ਼ੂਰ ਦਾ ਹੁਕਮ ਮੰਨਣ ਤੋਂ ਸਦਾ ਆਕੀ ਹੋਏ ਰਹੇ।

**ਪੁਤ੍ਰੀ ਕਉਲੁ ਨ ਪਾਲਿਓ,**
**ਕਰਿ ਪੀਰਹੁ ਕੰਨ੍ ਮੁਰਟੀਐ ॥**
**ਦਿਲਿ ਖੋਟੈ ਆਕੀ ਫਿਰਨ੍ਹਿ,**
**ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥੨॥**

੧੬. ਪ੍ਰਸ਼ਨ : ਸਿਖ ਜਗਤ ਦਾ ਵਿਸ਼ਵਾਸ ਹੈ ਕਿ ਸਾਰੇ ਗੁਰੂ ਸਾਹਿਬਾਨ

ਇਕ-ਜੋਤਿ ਸਨ, ਸਮੇਂ ਸਮੇਂ ਸਿਰਫ਼ ਸਰੀਰ ਬਦਲਦੇ ਰਹੇ। ਇਸ ਵਿਸ਼ਵਾਸ ਦੀ ਪੁਸ਼ਟੀ ਵਿਚ 'ਰਾਮਕਲੀ ਕੀ ਵਾਰ' ਵਿਚੋਂ ਦੋ ਉਦਾਹਰਣਾਂ ਦਿਓ ?

*ਉੱਤਰ:* ਸਾਰੇ ਗੁਰੂ ਸਾਹਿਬਾਨ ਦੇ ਇਕ-ਜੋਤਿ ਹੋਣ ਦੀ ਪੁਸ਼ਟੀ ਬਾਰੇ 'ਰਾਮਕਲੀ ਕੀ ਵਾਰ' ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ :

(ੳ) **ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥੨॥**

(ਅ) **ਨਾਨਕੁ ਤੂ, ਲਹਣਾ ਤੂ ਹੈ, ਗੁਰੁ ਅਮਰੁ ਤੂ ਵੀਚਾਰਿਆ ॥੭॥**

(ੲ) **ਜੋਤਿ ਸਮਾਣੀ, ਜੋਤਿ ਮਾਹਿ, ਆਪੁ ਆਪੈ ਸੇਤੀ ਮਿਕਿਓਨੁ ॥੪॥**

**੧੭. ਪ੍ਰਸ਼ਨ :** 'ਰਾਮਕਲੀ ਕੀ ਵਾਰ' ਵਿਚ ਆਏ ਵਾਕੰਸ਼ "ਸਿਲ ਜੋਗੁ ਅਲੂਣੀ ਚਟੀਐ" ਦੀ ਵਿਆਖਿਆ ਕਰੋ ਅਤੇ ਦੱਸੋ ਇਹ 'ਸਿਲ ਅਲੂਣੀ' ਕਿਵੇਂ ਚਟੀ ਜਾਂਦੀ ਹੈ ?

*ਉੱਤਰ:* (ੳ) 'ਸਿਲ' ਦਾ ਅਰਥ ਹੈ ਖੇਤੀ ਵਢਣ ਸਮੇਂ ਖੇਤ ਵਿਚ ਡਿਗੇ ਹੋਏ ਦਾਣੇ ਭਾਵ 'ਰਹਿੰਦ-ਖੂੰਦ ਅਨਾਜ'। 'ਅਲੂਣੀ' ਦਾ ਅਰਥ ਹੈ ਲੂਣ ਤੋਂ ਬਿਨਾਂ ਭਾਵ ਬੇ-ਸੁਆਦੀ। 'ਚਟੀਐ' ਦਾ ਅਰਥ ਹੈ ਖਾਈਦੀ ਹੈ।

ਸੋ, ਸਮੁੱਚੇ ਵਾਕੰਸ਼ "ਸਿਲ ਜੋਗੁ ਅਲੂਣੀ ਚਟੀਐ" ਦਾ ਅਰਥ-ਭਾਵ ਹੈ 'ਅਲੂਣੀ (ਲੂਣ ਤੋਂ ਬਗ਼ੈਰ) ਸਿਲਾ (ਖੇਤ ਵਿਚਲੇ ਡਿਗੇ ਹੋਏ ਦਾਣੇ ਭਾਵ ਰਹਿੰਦ-ਖੂਦ ਅਨਾਜ) ਚਟੀਐ (ਖਾਧੀ ਜਾ ਰਹੀ ਹੈ), ਅੰਤ੍ਰੀਵ-ਭਾਵ, (ਗੁਰੂ-ਦਰਬਾਰ ਵਿਚ) ਸਭ ਰਸਾਂ-ਕਸਾਂ ਦਾ ਤਿਆਗ ਕਰ ਕੇ ਗੁਰੂ-ਹੁਕਮਾਂ ਦੀ ਪਾਲਨਾ ਕਰ ਕੇ ਗੁਰਮਤਿ-ਜੋਗ ਦੀ ਕਮਾਈ ਕੀਤੀ ਜਾ ਰਹੀ ਹੈ।

(ਅ) ਸਭ ਰਸਾਂ-ਕਸਾਂ ਦਾ ਤਿਆਗ ਕਰ ਕੇ ਸ਼ਰਧਾ-ਭਾਵਨਾ ਅਧੀਨ ਗੁਰੂ ਜੀ ਦੀ ਦਰਸਾਈ ਹੋਈ ਕਾਰ ਕਮਾਉਣ ਨਾਲ ਹੀ ਸਿਲ ਅਲੂਣੀ ਚਟੀ ਜਾ ਸਕਦੀ ਹੈ।

**ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥੨॥**

**ਕਥਨ :**

ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਵਰਤਾਇਆ ਜਾਂਦਾ ਸੀ।

**੧੮. ਪ੍ਰਸ਼ਨ :** (ੳ) ਕੀ 'ਰਾਮਕਲੀ ਕੀ ਵਾਰ' ਵਿਚੋਂ ਉਪਰੋਕਤ ਤੱਥ ਦੀ ਪੁਸ਼ਟੀ ਹੁੰਦੀ ਹੈ ?

(ਅ) ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਕਿਹੜੇ ਪਦਾਰਥ ਵਰਤਾਏ ਜਾਣ ਦੀ ਸੂਚਨਾ ਮਿਲਦੀ ਹੈ ?

*ਉੱਤਰ :* (ੳ) 'ਰਾਮਕਲੀ ਕੀ ਵਾਰ' ਵਿਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਵਰਤਾਏ ਜਾਣ ਦੀ ਪੁਸ਼ਟੀ ਬਿਲਕੁਲ ਨਹੀਂ ਹੁੰਦੀ। ਇਹ ਕੇਵਲ ਮਾਸ ਖਾਣ ਦੇ ਚਸਕਾਲੂ ਇਤਿਹਾਸਕਾਰਾਂ ਦਾ ਮਨੋ-ਕਲਪਿਤ ਸ਼ੋਸ਼ਾ ਹੈ।

(ਅ) ਵਾਰ ਵਿਚੋਂ ਲੰਗਰ ਵਿਚ ਹੇਠ ਲਿਖੇ ਅੰਮ੍ਰਿਤ-ਮਈ ਪਦਾਰਥਾਂ ਦੇ ਵਰਤਾਏ ਜਾਣ ਦੀ ਪੁਸ਼ਟੀ ਹੁੰਦੀ ਹੈ :

(੧) **ਲੰਗਰੁ ਚਲੈ ਗੁਰ-ਸਬਦਿ ਹਰਿ, ਤੋਟਿ ਨ ਆਵੀ ਖਟੀਐ ॥੨॥**
ਨਾਮ-ਅੰਮ੍ਰਿਤ ਅਤੇ ਗੁਰ-ਸ਼ਬਦ ਦਾ ਲੰਗਰ ਅਤੁੱਟ ਵਰਤਦਾ ਸੀ।

(੨) **ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ ॥੩॥**
ਲੋੜਵੰਦਾਂ ਲਈ ਧਨ ਦੌਲਤ, ਭੁੱਖਿਆਂ ਲਈ ਘਿਉ ਵਾਲੀ ਖੀਰ ਵਰਤਦੀ ਸੀ ਅਤੇ ਆਤਮ-ਪ੍ਰੇਮੀਆਂ ਲਈ ਨਾਮ-ਅੰਮ੍ਰਿਤ ਅਤੇ ਗੁਰ-ਸ਼ਬਦ ਦਾ ਲੰਗਰ ਵੀ ਅਤੁੱਟ ਵਰਤਦਾ ਸੀ।

(੩) **ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣੁ ॥੬॥**
ਘਿਉ, ਮੈਦਾ ਅਤੇ ਖੰਡ ਤੋਂ ਬਣੇ ਸਵਾਦਿਸ਼ਟ ਪਦਾਰਥ ਵਰਤਾਏ ਜਾਂਦੇ ਸਨ।

**੧੯. ਪ੍ਰਸ਼ਨ :** 'ਰਾਮਕਲੀ ਕੀ ਵਾਰ' ਦੀ ਤੁਕ ਹੈ, "ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥" ਕਰਾਮਾਤਿ ਤੋਂ ਕੀ ਭਾਵ ਹੈ ?

*ਉੱਤਰ :* ਇਕ ਘੁੰਗਣੀਆਂ ਵੇਚਣ ਵਾਲਾ ਯਤੀਮ ਬੱਚਾ (ਭਾਈ ਜੇਠਾ) ਸਤਿਗੁਰੂ ਜੀ ਦੀ ਮਿਹਰ ਦੀ ਨਦਰ ਅਤੇ ਸੇਵਾ-ਸਿਮਰਨ ਦੇ ਤੁਫ਼ੈਲ ਗੁਰੂ-ਗੱਦੀ ਦਾ ਵਾਰਸ ਹੋ ਨਿਬੜਿਆ ਅਤੇ ਸਿਰਜਨਹਾਰ

ਕਰਤਾਰ ਨੇ ਖ਼ੁਦ ਉਸ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਗੁਰੂ ਸਥਾਪਿਤ ਕਰ ਕੇ ਨਿਵਾਜਿਆ।

੨੦. **ਪ੍ਰਸ਼ਨ :** 'ਰਾਮਕਲੀ ਕੀ ਵਾਰ' ਵਿਚਲੀ ਬਾਣੀ ਦੇ ਆਧਾਰ 'ਤੇ ਦੱਸੋ ਕਿ ਜੀਵਾਂ ਦੀ ਜਨਮ-ਜਨਮਾਂਤ੍ਰਾਂ ਦੀ ਮੈਲ ਕਿਵੇਂ ਕਟੀ ਜਾਂਦੀ ਹੈ ?

*ਉੱਤਰ :* ਸਤਿਗੁਰ ਸੱਚੇ ਪਾਤਿਸ਼ਾਹ ਵਲੋਂ ਮਿਹਰ ਦੀ ਨਜ਼ਰ ਕੀਤੇ ਜਾਣ ਸਦਕਾ ਜੀਵਾਂ ਦੀ ਜਨਮ-ਜਨਮਾਂਤ੍ਰਾਂ ਦੀ ਪਾਪ-ਮੈਲ ਕਟੀ ਜਾਂਦੀ ਹੈ।

**ਤੁਧੁ ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ ॥੨॥**

੨੧. **ਪ੍ਰਸ਼ਨ :** (ੳ) 'ਰਾਮਕਲੀ ਕੀ ਵਾਰ' ਦੀ ਦੂਜੀ ਪਉੜੀ ਵਿਚ ਆਈ ਤੁਕ "ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ੍ ਮੁਰਟੀਐ ॥" ਦੀ ਵਿਆਖਿਆ ਕਰੋ ?

(ਅ) ਸ਼ਬਦ 'ਪੁਤ੍ਰੀ' ਕਿਹੜੇ ਵਿਅਕਤੀਆਂ ਵੱਲ ਸੰਕੇਤ ਕਰਦਾ ਹੈ ?

*ਉੱਤਰ :* (ੳ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਨੇ ਗੁਰੂ-ਹੁਕਮ ਨਾ ਮੰਨਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੇਵਲ ਸਾਧਾਰਨ ਪਿਤਾ ਕਰ ਕੇ ਹੀ ਜਾਣਿਆ, ਗੁਰੂ-ਪੀਰ ਕਰਕੇ ਮੰਨਣ ਤੋਂ ਕੰਨ੍ (ਕੰਧਾ) ਮਰੋੜੀ ਰਖਿਆ, ਭਾਵ, ਇਨਕਾਰੀ ਰਹੇ।

(ਅ) 'ਪੁਤ੍ਰੀ' ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਬਾਬਾ ਸਿਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਵੱਲ ਸੰਕੇਤ ਕਰਦਾ ਹੈ।

੨੨. **ਪ੍ਰਸ਼ਨ :** 'ਰਾਮਕਲੀ ਕੀ ਵਾਰ' ਦੀ ਪਉੜੀ ਤੀਜੀ ਵਿਚ ਆਏ ਵਾਕਾਂਸ਼ "ਜਿਨਿ ਕੀਤੀ ਸੋ ਮੰਨਣਾ" ਬਾਰੇ ਦਸੋ ?

(ੳ) ਕੀ ਕੀਤੀ ?

(ਅ) ਕਉਣ ਮੰਨਣਾ ?

*ਉੱਤਰ :* (ੳ) ਹੁਕਮੀ-ਬੰਦਾ ਹੋ ਕੇ ਸਤਿਗੁਰੂ ਹਜ਼ੂਰ ਦੇ ਹੁਕਮ ਦੀ ਪਾਲਨਾ ਕਰਨ ਦੀ ਬਿਖਮ ਕਾਰ ਕੀਤੀ।

(ਅ) ਭਾਈ ਲਹਣਾ ਜੀ, ਜੋ ਸ੍ਰੀ ਗੁਰੂ ਅੰਗਦ ਦੇਵ ਜੀ ਬਣ ਕੇ ਸਿਖ-ਜਗਤ ਵਿਚ ਮੰਨਣਾ (ਮਾਨ-ਨੀਕ) ਹੋ ਨਿਬੜੇ।

੨੩. ਪ੍ਰਸ਼ਨ : (ੳ) 'ਰਾਮਕਲੀ ਕੀ ਵਾਰ' ਦੀ ਪਉੜੀ ਤੀਜੀ ਵਿਚ ਆਏ ਸ਼ਬਦ 'ਦਲਾਲੀ' ਦਾ ਕੀ ਭਾਵ ਹੈ ?

(ਅ) ਕਉਣ ਦਲਾਲੀ ਕਰਦਾ ਹੈ ਅਤੇ ਕਿਵੇਂ ?

*ਉੱਤਰ :* (ੳ) ਵਾਰ ਦੀ ਪਉੜੀ ਤੀਜੀ ਵਿਚ ਆਏ ਸ਼ਬਦ 'ਦਲਾਲੀ' ਤੋਂ ਭਾਵ ਹੈ 'ਧਰਮ-ਨਿਆਉਂ'।

(ਅ) ਧਰਮ-ਰਾਜਾ ਚਿਤਰ-ਗੁਪਤ ਵਲੋਂ ਦਿੱਤੇ, ਜੀਵਾਂ ਦੇ ਕਰਮ-ਬਿਓਰੇ ਉੱਤੇ ਧਰਮ-ਨਿਆਉਂ ਕਰਦਾ ਹੈ।

**ਧਰਮਰਾਇ ਹੈ ਦੇਵਤਾ, ਲੈ ਗਲਾ ਕਰੇ ਦਲਾਲੀ ॥** *(ਪਉੜੀ ੩)*

੨੪. ਪ੍ਰਸ਼ਨ : 'ਰਾਮਕਲੀ ਕੀ ਵਾਰ' ਵਿਚ ਇਕ ਇਸਤਰੀ ਦਾ ਵਰਣਨ ਹੈ। ਕਿਸ ਦਾ ? ਕਿੰਨੀ ਵਾਰੀ ? ਅਤੇ ਕਿਸ ਸੰਬੰਧ ਵਿਚ ?

*ਉੱਤਰ :* ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਹੋਣ ਦੇ ਨਾਤੇ ਅਤੇ ਗੁਰੂ ਦੇ ਲੰਗਰ ਦੀ ਸਰਪ੍ਰਸਤ ਵਜੋਂ 'ਮਾਤਾ ਖੀਵੀ' ਜੀ ਦਾ ਵਰਣਨ 'ਰਾਮਕਲੀ ਕੀ ਵਾਰ' ਦੀ ਤੀਜੀ ਪਉੜੀ ਵਿਚ ਦੋ ਵਾਰ ਆਇਆ ਹੈ।

(ੳ) **ਬਲਵੰਡ, ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ ॥੩॥**

(ਅ) **ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ ॥੩॥**

੨੫. ਪ੍ਰਸ਼ਨ : ਭਾਈ ਲਹਣਾ ਜੀ ਸਤਿਗੁਰੂ ਜੀ ਦੇ ਦਰ ਉੱਤੇ ਕਬੂਲ ਕਿਵੇਂ ਪਏ ?

*ਉੱਤਰ :* ਭਾਈ ਲਹਣਾ ਜੀ ਨੇ ਜਦੋਂ ਮਰਦਊਪੁਣੇ ਵਾਲੀ ਗੁਰੂ-ਹੁਕਮਾਂ ਦੀ ਪਾਲਨਾ ਕਰਨ ਵਾਲੀ ਬਿਖਮ ਘਾਲਣਾ ਨਿਰੰਤਰ ਘਾਲੀ ਤਾਂ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਉੱਤੇ ਪਰਵਾਣ ਪੈ ਗਏ।

**ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ ॥** *(ਪਉੜੀ ੩)*

੨੬. ਪ੍ਰਸ਼ਨ : 'ਰਾਮਕਲੀ ਕੀ ਵਾਰ' ਦੀ ਪਉੜੀ ਤੀਜੀ ਵਿਚ ਆਏ ਸ਼ਬਦ-ਜੁੱਟ 'ਗੋਇ-ਉਠਾਲੀ' ਤੋਂ ਕੀ ਭਾਵ ਹੈ ? ਇਹ ਕਿਸ ਵਿਅਕਤੀ ਵੱਲ ਸੰਕੇਤ ਹੈ ?

*ਉੱਤਰ :* (ੳ) 'ਗੋਇ ਉਠਾਲੀ' ਤੋਂ ਭਾਵ ਸਮੁੱਚੀ ਸ੍ਰਿਸ਼ਟੀ ਦੇ (ਜੀਵਾਂ ਦੇ) ਉਧਾਰ ਦੀ ਜ਼ਿੰਮੇਵਾਰੀ।

(ਅ) ਇਹ ਜ਼ਿੰਮੇਵਾਰੀ ਚੁਕੇ ਜਾਣ ਦਾ ਸੰਕੇਤ ਮਾਤਾ ਖੀਵੀ ਜੀ ਦੇ ਪਤੀ ਸ੍ਰੀ ਗੁਰੂ ਅੰਗਦ ਦੇਵ ਜੀ ਵੱਲ ਹੈ।

੨੭. ਪ੍ਰਸ਼ਨ : 'ਫੇਰੁਆਣਿ', 'ਖਡੂਰ', 'ਟਿਕਾ' ਬਾਰੇ ਜਾਣਕਾਰੀ ਦਿਓ ?

*ਉੱਤਰ :* (ੳ) ਸ਼ਬਦ 'ਫੇਰੁਆਣਿ' ਬਾਬਾ ਫੇਰੂ ਜੀ ਦੇ ਸਪੁੱਤਰ ਸ੍ਰੀ ਗੁਰੂ ਅੰਗਦ ਦੇਵ ਜੀ ਵੱਲ ਸੰਕੇਤ ਕਰਦਾ ਹੈ।

(ਅ) 'ਖਡੂਰ' ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੀ ਤਰਨ ਤਾਰਨ ਤਹਿਸੀਲ ਦਾ ਇਕ ਪਿੰਡ ਹੈ, ਜਿਸ ਨੂੰ ਗੁਰ-ਗੱਦੀ ਪ੍ਰਾਪਤ ਕਰਨ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਬਾਦ ਕੀਤਾ।

(ੲ) 'ਟਿਕਾ' ਤੋਂ ਭਾਵ ਕਿਸੇ ਪ੍ਰਕਿਰਤਕ ਪਦਾਰਥ (ਚੰਦਨ ਆਦਿ) ਦੇ ਟਿੱਕੇ ਤੋਂ ਨਹੀਂ, ਬਲਕਿ 'ਸ਼ਬਦ-ਨੀਸ਼ਾਨ' ਤੋਂ ਹੈ।

੨੮. ਪ੍ਰਸ਼ਨ : 'ਲਬ-ਲੋਭ' ਮਨੁੱਖ ਦਾ ਵਿਨਾਸ਼ ਕਿਵੇਂ ਕਰਦਾ ਹੈ ?

*ਉੱਤਰ :* ਲਬ (ਖਾਣ ਦਾ ਲਾਲਚ) ਲੋਭ (ਮਾਇਆ ਜੋੜਨ ਦਾ ਲਾਲਚ) ਮਨੁੱਖਾਂ ਦੇ ਅੰਦਰ ਵਿਗਾੜ ਪੈਦਾ ਕਰਦਾ ਹੈ, ਜਿਵੇਂ ਪਾਣੀ ਉੱਤੇ ਆਇਆ ਹੋਇਆ ਬੂਰ ਪਾਣੀ ਦੀ ਆਭਾ ਵਿਗਾੜ ਦੇਂਦਾ ਹੈ।

**ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥੫॥**

੨੯. ਪ੍ਰਸ਼ਨ : 'ਪਿਊ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ' ਤੁਕ ਵਿਚ 'ਪਿਊ', 'ਦਾਦਾ' ਅਤੇ 'ਪੋਤ੍ਰਾ' ਕਿਸ ਕਿਸ ਵੱਲ ਸੰਕੇਤ ਕਰਦਾ ਹੈ ?

*ਉੱਤਰ :* ਸ਼ਬਦ ਪਿਊ—ਸ੍ਰੀ ਗੁਰੂ ਅੰਗਦ ਦੇਵ ਜੀ ਵੱਲ ਸੰਕੇਤ ਕਰਦਾ ਹੈ।
ਸ਼ਬਦ ਦਾਦਾ—ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਸੰਕੇਤ ਕਰਦਾ ਹੈ।
ਸ਼ਬਦ ਪੋਤ੍ਰਾ—ਸ੍ਰੀ ਗੁਰੂ ਅਮਰਦਾਸ ਜੀ ਵੱਲ ਸੰਕੇਤ ਕਰਦਾ ਹੈ।

੩੦. ਪ੍ਰਸ਼ਨ : 'ਰਾਮਕਲੀ ਕੀ ਵਾਰ' ਦੀ ਪਉੜੀ ਚੌਥੀ ਵਿਚ ਆਏ ਵਾਕਾਂਸ਼ "ਹੋਰਿਂਓ ਗੰਗ ਵਹਾਈਐ" ਤੋਂ ਕੀ ਭਾਵ ਹੈ ? ਕਿਸ ਨੇ ਅਜਿਹੀ ਅਦਭੁਤ ਖੇਡ ਵਰਤਾਈ ?

ਉੱਤਰ : ਵਾਰ ਦੀ ਪਉੜੀ ਚੌਥੀ ਵਿਚ ਆਏ ਵਾਕਾਂਸ਼ "ਹੋਰਿਂਓ ਗੰਗ ਵਹਾਈਐ" ਤੋਂ ਭਾਵ ਹੈ, ਲੋਕਾਈ ਆਖਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਤਰਾਂ ਦੀ ਬਜਾਏ ਸੇਵਕ ਨੂੰ ਗੁਰਿਆਈ ਦੇ ਕੇ ਮਾਨੋਂ ਗੰਗਾ ਦੀ ਧਾਰਾ ਹੋਰ ਪਾਸੇ ਵੱਲ (ਉਲਟੀ) ਵਹਾ ਦਿੱਤੀ ਹੈ, ਭਾਵ, ਸੰਸਾਰੀ ਗੀਤ ਤੋਂ ਉਲਟੀ ਗੀਤ ਅਪਣਾਈ ਹੈ।

**ਹੋਰਿਂਓ ਗੰਗ ਵਹਾਈਐ, ਦੁਨਿਆਈ ਆਖੈ ਕਿ ਕਿਓਨੁ ॥**

*(ਪਉੜੀ ੪)*

੩੧. ਪ੍ਰਸ਼ਨ : 'ਰਾਮਕਲੀ ਕੀ ਵਾਰ' ਦੀ ਪਉੜੀ ਚਉਥੀ ਵਿਚਲੀ ਤੁਕ "ਨਾਨਕ ਈਸਰਿ ਜਗ ਨਾਥਿ ਉਚਹਦੀ ਵੈਣੁ ਵਿਰਿਕਿਓਨੁ ॥" ਵਿਚਲੇ 'ਉਚਹਦੀ ਵੈਣੁ' ਦੀ ਵਿਆਖਿਆ ਕਰੋ।

ਉੱਤਰ : 'ਰਾਮਕਲੀ ਕੀ ਵਾਰ' ਦੀ ਚਉਥੀ ਪਉੜੀ ਵਿਚ ਆਏ ਸ਼ਬਦ-ਜੁੱਟ 'ਉਚਹਦੀ ਵੈਣੁ' ਤੋਂ ਭਾਵ ਹੈ ਉੱਚੀ ਹੱਦ ਵਾਲਾ, ਭਾਵ, ਸਰਵ-ਸ੍ਰੇਸ਼ਟ ਅਤੇ ਗੌਰਵਸ਼ੀਲ ਬਚਨ ਕਿ ਸ਼ਰਧਾ-ਭਾਵਨਾ ਵਾਲਾ ਅਤੇ ਹੁਕਮ ਦੀ ਪਾਲਨਾ ਕਰਨ ਵਾਲਾ ਸਿਖ-ਸੇਵਕ ਹੀ ਗੁਰੂ-ਗੱਦੀ ਦਾ ਵਾਰਿਸ ਹੋ ਸਕਦਾ ਹੈ।

**ਕਥਨ :**

ਪੁਰਾਣਾਂ ਵਿਚ ਗਾਥਾ ਹੈ ਕਿ ਦੇਵਤਿਆਂ ਨੇ ਪਰਬਤ ਦੇ ਮਾਧਾਣੇ ਨੂੰ ਸ਼ੇਸ਼ਨਾਗ ਦਾ ਨੇਤ੍ਰਾ ਪਾ ਕੇ ਸਮੁੰਦਰ ਰਿੜਕਿਆ ਅਤੇ ਵਿਚੋਂ ਚੌਦ੍ਹਾਂ ਰਤਨ ਕੱਢੇ। 'ਰਾਮਕਲੀ ਕੀ ਵਾਰ' ਵਿਚ ਵੀ ਸਮੁੰਦਰ ਰਿੜਕੇ ਜਾਣ ਅਤੇ ਚੌਦ੍ਹਾਂ ਰਤਨ ਕੱਢਣ ਦਾ ਵਰਣਨ ਹੈ, ਦਸੋ :

੩੨. ਪ੍ਰਸ਼ਨ : (ੳ) ਕਿਹੜੇ ਸਮੁੰਦਰ ਨੂੰ ਰਿੜਕਿਆ ?
(ਅ) ਕਿਹੜੇ ਮਾਧਾਣੇ ਨਾਲ ?
(ੲ) ਕਿਹੜੇ ਨੇਤ੍ਰੇ ਨਾਲ ?
(ਸ) ਕਿਹੜੇ ਰਤਨ ਕੱਢੇ ਗਏ ?

*ਉੱਤਰ :* (ੳ) 'ਸਰੀਰ-ਸਮੁੰਦਰ' ਨੂੰ ਰਿੜਕਿਆ।

(ਅ) 'ਗੁਰ-ਸ਼ਬਦ' ਦੇ ਮਾਧਾਣੇ ਨਾਲ।

(ੲ) 'ਮਨ-ਨਾਗ' ਦਾ ਨੇਤ੍ਰਾ ਪਾ ਕੇ।

(ਸ) 'ਦੈਵੀ-ਗੁਣਾਂ' ਰੂਪ ਚੌਦ੍ਹਾਂ ਰਤਨ, ਜਿਨ੍ਹਾਂ ਦਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ :

| *ਪੁਰਾਣਾਂ ਅਨੁਸਾਰ ਸਮੁੰਦਰ ਰਿੜਕ ਕੇ ਕੱਢੇ ਗਏ ਰਤਨਾਂ ਦਾ ਵੇਰਵਾ* | *ਗੁਰਮਤਿ ਅਨੁਸਾਰ ਸਰੀਰ-ਸਮੁੰਦਰ ਵਿਚੋਂ ਗੁਰ-ਸ਼ਬਦ ਦੇ ਮਧਾਣੇ ਨਾਲ ਰਿੜਕ ਕੇ ਕੱਢੇ ਗਏ ਰਤਨਾਂ ਦਾ ਵੇਰਵਾ* |
|---|---|
| ੧. ਸ੍ਰੀ (ਲਛਮੀ) | ਭਗਤੀ |
| ੨. ਕੌਸਤਕ ਮਣੀ | ਸ਼ਰਧਾ-ਭਾਵਨਾ |
| ੩. ਰੰਭਾ (ਅਪੱਸਰਾ) | ਸ਼ਾਂਤਿ |
| ੪. ਧਨੁਖ | ਸਤ (ਸੁੱਚਾ ਆਚਰਣ) |
| ੫. ਧਨੰਤਰ | ਨਾਮ ਦਾ ਅਜਪਾ-ਜਾਪ |
| ੬. ਬਾਜ (ਉੱਚ-ਸ੍ਰਵਾ ਘੋੜਾ) | ਸਹਜ, ਭਾਵ, ਗਿਆਨ |
| ੭. ਕਾਮਧੇਨੁ | (ਕਾਮਨਾ ਦਾ ਤਿਆਗ) ਸੰਤੋਖ |
| ੮. ਚੰਦ੍ਰਮਾ | ਗਿਆਨ-ਪ੍ਰਕਾਸ਼ |
| ੯. ਕਲਪ-ਤਰ (ਬ੍ਰਿਛ) | ਨਾਮ-ਅਭਿਆਸ |
| ੧੦. ਸੰਖ | ਅਨਹਦ-ਨਾਦ |
| ੧੧. ਅੰਮ੍ਰਿਤ | ਨਾਮ-ਰਸ |
| ੧੨. ਗਜਰਾਜ (ਐਰਾਵਤ ਹਾਥੀ) | ਸਿਦਕ, ਦ੍ਰਿੜ੍ਹ-ਵਿਸ਼ਵਾਸ |
| ੧੩. ਬਾਰੁਨੀ (ਸੁਰਾ) | ਨਾਮ-ਖੁਮਾਰੀ |
| ੧੪. ਕਾਲਕੂਟ (ਬਿਖੁ) | ਦੂਖ (ਦੂਖੁ ਮਹੁਰਾ, ਮਾਰਣੁ ਹਰਿ ਨਾਮੁ) |

*ਨੋਟ :*—ਵੱਖ-ਵੱਖ ਚਿੰਤਕਾਂ ਵਲੋਂ ਵੱਖ-ਵੱਖ ਰਤਨਾਂ ਦਾ ਵਰਣਨ ਕੀਤਾ ਮਿਲਦਾ ਹੈ। ਗੁਰਬਾਣੀ ਦੇ ਭਾਵ ਅਨੁਸਾਰ 'ਰਤਨ' ਦਰ-ਅਸਲ ਦੈਵੀ ਗੁਣ ਹੀ ਹਨ। ਉਪਰੋਕਤ ਸੁਝਾਅ ਵਿਦਵਾਨ ਸੱਜਨਾਂ ਦੇ ਵਿਚਾਰ-ਜੋਗ ਹਨ।

**ਕਥਨ :**

ਇਹ ਇਤਿਹਾਸਕ ਸੱਚ ਹੈ ਕਿ ਸਤਿਗੁਰਾਂ ਦੀ ਬਖ਼ਸ਼ਸ਼ ਦੁਆਰਾ "ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ" ਦੇ ਅੰਤਰ-ਆਤਮੇ ਇਕਸੁਰਤਾ ਸਹਿਤ ਉਚਾਰਣ ਸਦਕਾ ਰਬਾਬੀ ਭਰਾਵਾਂ ਦਾ ਕੋੜ੍ਹ ਦੂਰ ਹੋ ਗਿਆ।

**੩੩. ਪ੍ਰਸ਼ਨ :** ਕੀ ਇਸ ਬਾਣੀ ਦੇ ਪ੍ਰੇਮ ਸਹਿਤ ਪਾਠ ਸਦਕਾ ਕਿਸੇ ਦੇ ਕੁਸ਼ਟ ਦੂਰ ਹੋਣ ਦੀ ਅਜੋਕੇ ਸਮੇਂ ਦੀ ਵੀ ਕੋਈ ਮਿਸਾਲ ਹੈ ?

*ਉੱਤਰ :* ਇਸ ਵਾਰ ਨੂੰ ਪ੍ਰਾਪਤ ਹੋਇਆ ਵਰਦਾਨ ਅੱਜ ਵੀ ਉਸੇ ਤਰ੍ਹਾਂ ਕੰਮ ਕਰ ਰਿਹਾ ਹੈ, ਜਿਸ ਦੀ ਅੱਖੀਂ ਡਿੱਠੀ ਮਿਸਾਲ ਪਾਠਕਾਂ ਦੀ ਗਿਆਤ ਲਈ ਅੰਕਿਤ ਕਰਨੀ ਜ਼ਰੂਰੀ ਹੈ।

ਕੰਵਰ ਸ਼ਮਸ਼ੇਰ ਸਿੰਘ ਆਈ.ਜੀ. ਪੁਲਿਸ ਪੰਜਾਬ, ਜੋ ਹੁਣ ਆਪਣੀ ਪਦਵੀ ਤੋਂ ਸੇਵਾ-ਮੁਕਤ ਹੋ ਚੁੱਕੇ ਹਨ, ਦੀ ਸੁਪਤਨੀ ਸ੍ਰੀਮਤੀ ਸ਼ੀਲਾ ਦੇ ਸਰੀਰ 'ਤੇ ਵਿਸ਼ੇਸ਼ ਕਰਕੇ ਹੱਥਾਂ 'ਤੇ ਭਿਆਨਕ ਕੁਸ਼ਟ ਰੋਗ ਉਠ ਖੜੋਤਾ ਸੀ। ਇਤਨੀ ਵੱਡੀ ਪਦਵੀ 'ਤੇ ਲੱਗੇ ਹੋਏ ਅਫ਼ਸਰ ਨੇ ਆਪਣੇ ਵਲੋਂ ਬੜਾ ਇਲਾਜ ਕਰਵਾਇਆ। ਇਥੋਂ ਤਕ ਕਿ ਬਿਆਸਾ ਜਾ ਕੇ ਅਮਰੀਕਾ ਦੇ ਡਾਕਟਰਾਂ ਤੇ ਹੋਰ ਉਥੇ ਡਾਕਟਰਾਂ ਪਾਸ ਗਏ, ਦਵਾਈ ਕਰਦੇ ਰਹੇ, ਪਰ ਕੋਈ ਆਰਾਮ ਨਾਂਹ ਆਇਆ।

ਭਾਈ ਵਧਾਵਾ ਸਿੰਘ ਜੀ ਭਾਸ਼ਾ ਵਿਭਾਗ, ਪਟਿਆਲਾ ਵਾਲੇ, ਜੋ ਅੱਜ-ਕੱਲ ਯੂ.ਐਸ.ਏ. ਦੇ ਵਸਨੀਕ ਬਣ ਗਏ ਹਨ, ਨੇ ਕੰਵਰ ਸ਼ਮਸ਼ੇਰ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਭਾਈ ਸਾਹਿਬ ਸ਼ੇਰ ਸਿੰਘ ਜੀ ਗੁਰੂ ਸਰ ਸੁਧਾਰ ਵਾਲਿਆਂ ਨੂੰ ਮਿਲੋ, ਉਹ ਚੰਗੇ ਨਾਮ-ਅਭਿਆਸੀ ਹਨ, ਗੁਰੂ ਦੀ ਕਿਰਪਾ ਨਾਲ ਉਹ ਬੀਬੀ ਸ਼ੀਲਾ ਦਾ ਦੁਖ ਦੂਰ ਕਰ ਦੇਣਗੇ।

ਆਪ ਜੀ ਨੇ ਭਾਈ ਸਾਹਿਬ ਨੂੰ ਮਿਲਣ ਦਾ ਯਤਨ ਕੀਤਾ, ਪਰ ਪਹਿਲੀ ਵਾਰ ਉਨ੍ਹਾਂ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ। ਫਿਰ ਮਿਲੇ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਪਹਿਲਾਂ ਆਪਣਾ

ਖਾਣਾ-ਪੀਣਾ ਠੀਕ ਕਰੋ, ਮਾਸ ਸ਼ਰਾਬ ਤੋਂ ਹਟਾਇਆ। ਫਿਰ ਕਿਹਾ ਕਿ "ਰਾਮਕਲੀ ਕੀ ਵਾਰ, ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ" ਦੀ ਵਾਰ ਦਾ ਪਾਠ ਬੀਬੀ ਆਪ ਪ੍ਰੇਮ ਨਾਲ ਕਰੇ, ਜੇ ਆਪ ਨਹੀਂ ਕਰ ਸਕਦੀ ਤਾਂ ਉਸ ਨੂੰ ਆਖੋ ਕਿ ਹਰ ਰੋਜ਼ ਇਸ ਵਾਰ ਦਾ ਪਾਠ ਸੁਣੇ।

ਬੀਬੀ ਸ਼ੀਲਾ ਜੀ ਪੰਜਾਬੀ ਵਿਦਿਆ ਨਹੀਂ ਸਨ ਜਾਣਦੇ, ਅੰਗਰੇਜ਼ੀ ਬੋਲਣ ਤੇ ਸਮਝਣ ਵਿਚ ਮਾਹਿਰ ਸਨ। ਦਾਸ ਦੀ ਨਿਯੁਕਤੀ ਉਦੋਂ ਸੀ.ਆਈ.ਡੀ. ਪੰਜਾਬ ਦੇ ਦਫ਼ਤਰ ਵਿਚ ਸੀ। ਇਕ ਦਿਨ ਆਈ.ਜੀ. ਨੇ ਆਪਣੇ ਜਮਾਂਦਾਰ ਸਾਧੂ ਸਿੰਘ ਪਾਸੋਂ ਪੁੱਛਿਆ ਕਿ ਆਪਣੇ ਦਫ਼ਤਰ ਵਿਚ ਕੋਈ ਗੁਰਬਾਣੀ ਦਾ ਪਾਠ ਕਰਨ ਵਾਲਾ ਤੇ ਅਰਥਾਂ ਤੋਂ ਜਾਣੂ ਵਿਅਕਤੀ ਹੈ ? ਤਾਂ ਉਸ ਨੇ ਮੇਰਾ ਨਾਮ ਦੱਸ ਦਿੱਤਾ। ਮੈਨੂੰ ਜਮਾਂਦਾਰ ਕਹਿਣ ਲੱਗਾ ਕਿ ਤੁਹਾਨੂੰ ਆਈ.ਜੀ. ਸਾਹਿਬ ਬੁਲਾਉਂਦੇ ਹਨ। ਦਾਸ ਗਿਆ ਤਾਂ ਆਪ ਅੱਗੋਂ ਕੁਰਸੀ ਤੋਂ ਉਠ ਕੇ ਮਿਲੇ। ਬੜੇ ਅਦਬ ਨਾਲ ਬਿਠਾਇਆ। ਕਹਿਣ ਲੱਗੇ ਕਿ ਸਾਨੂੰ ਕਿਸੇ ਨੇ "ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ" ਦੀ ਵਾਰ ਦਾ ਪਾਠ ਸੁਣਨ ਲਈ ਕਿਹਾ ਹੈ, ਜੇ ਤੁਸੀਂ ਕੋਠੀ ਆ ਕੇ ਸੁਣਾਓ ਤਾਂ ਬਹੁਤ ਚੰਗਾ ਹੋਵੇਗਾ।

ਦਫ਼ਤਰੋਂ ਉਠ ਕੇ ਦਾਸ ਨੇ ਪਾਠ ਕਰਨ ਕੋਠੀ ਚਲੇ ਜਾਣਾ ਤੇ ਪਾਠ ਸੁਣਾਉਣਾ। ਫਿਰ ਕਹਿਣ ਲੱਗੇ ਕਿ ਭਾਈ ਸਾਹਿਬ ਨੇ ਪੰਜ ਬਾਣੀਆਂ ਦਾ ਪਾਠ ਕਰਨ ਲਈ ਕਿਹਾ ਹੈ, ਪਰ ਸਾਨੂੰ ਪਾਠ ਦੀ ਸਮਝ ਨਹੀਂ ਆਉਂਦੀ, ਜੇ ਤੁਸੀਂ ਅਰਥ ਕਰਕੇ ਸਮਝਾ ਦਿਓ ਤਾਂ ਬੜਾ ਚੰਗਾ ਹੋਵੇਗਾ। ਇਕ ਦੋ ਦਿਨ ਪਾਠ ਅਰਥਾਂ ਨਾਲ ਕਰਵਾਇਆ। ਪਰ ਅਰਥ ਸਮਝਾਉਣ ਵਾਲਾ ਕੰਮ ਔਖਾ ਸੀ, ਫਿਰ ਉਸ ਵਾਰ ਦੀ ਸ਼ਬਦਾਵਲੀ ਵੀ ਬੜੀ ਕਠਿਨ ਸੀ। ਕਈ ਦਿਨ ਸਮਝਾਂਦਿਆਂ ਚੰਗਾ ਹਨੇਰਾ ਪੈ ਜਾਣਾ, ਫਿਰ ਉਨ੍ਹਾਂ ਨੇ ਕਹਿਣਾ, "ਗਿਆਨੀ ਜੀ! ਘਰ ਨਹੀਂ ਜਾਣਾ ?" ਭਾਵ, ਬਾਣੀ ਦੀ ਵਿਆਖਿਆ ਨੂੰ ਉਨ੍ਹਾਂ ਨੇ ਇਤਨੇ ਪਿਆਰ ਤੇ

ਧਿਆਨ ਨਾਲ ਸੁਣਨਾ ਕਿ ਵਕਤ ਦਾ ਪਤਾ ਹੀ ਨਹੀਂ ਸੀ ਲਗਦਾ। ਗੁਰੂ ਪਾਤਿਸ਼ਾਹ ਦੀ ਮਿਹਰ ਹੋਈ ਤਾਂ ਸ਼ੀਲਾ ਭੈਣ ਜੀ ਦਾ ਰੋਗ ਠੀਕ ਹੁੰਦਾ ਗਿਆ।

ਜਦੋਂ ਬੀਬੀ ਜੀ ਠੀਕ ਹੋ ਗਏ ਤਾਂ ਭਾਈ ਸ਼ੇਰ ਸਿੰਘ ਜੀ ਨੇ ਦੋਹਾਂ ਨੂੰ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਭੇਜਿਆ। ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਤੋਂ ਵਾਪਸ ਆਏ ਤਾਂ ਕੁਝ ਦਿਨ ਬਾਅਦ ਆਈ.ਜੀ. ਕੰਵਰ ਸਾਹਿਬ ਕਹਿਣ ਲੱਗੇ, ਕਿ ਗਿਆਨੀ ਜੀ! ਅਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਸਾਹਿਬ ਕਰਾਉਣਾ ਹੈ, ਪਾਠੀ ਸਿੰਘਾਂ ਦਾ ਪ੍ਰਬੰਧ ਮੇਰੇ ਜ਼ਿੰਮੇ ਲਾਇਆ। ਦਾਸਰੇ ਨੇ ਗੁਰਮਤਿ ਪ੍ਰਚਾਰਕ ਜਥਾ, ਚੰਡੀਗੜ੍ਹ ਦੇ ਪ੍ਰੇਮੀਆਂ ਨੂੰ ਬੇਨਤੀ ਕੀਤੀ; ਉਨ੍ਹਾਂ ਵੀਰਾਂ ਨੇ ਬੜੇ ਪ੍ਰੇਮ ਨਾਲ ਪਾਠ ਕੀਤਾ।

ਗੁਰੂ ਦੀ ਕਿਰਪਾ ਨਾਲ ਜਦੋਂ ਪਾਠ ਦੀ ਸਮਾਪਤੀ ਹੋਈ, ਕੀਰਤਨ ਹੋਇਆ ਤਾਂ ਕਿਸੇ ਨੂੰ ਭਾਈ ਸ਼ੇਰ ਸਿੰਘ ਜੀ ਦੇ ਆਉਣ ਬਾਰੇ ਪਤਾ ਨਾ ਲੱਗਾ। ਕੀਰਤਨ ਤੋਂ ਬਾਅਦ ਹੀ ਆਪ ਜੀ ਨਾਲ ਬਚਨ ਹੋਏ। ਆਪ ਜੀ ਦੀ ਅੰਤਰ-ਜਾਮਤਾ ਬਾਰੇ ਪਹਿਲਾਂ ਹੀ ਬੀਬੀ ਜੀ ਤੇ ਕੰਵਰ ਜੀ ਪਾਸੋਂ ਬਹੁਤ ਕੁਝ ਪਤਾ ਲੱਗ ਚੁੱਕਾ ਸੀ, ਉਸ ਦਾ ਵੇਰਵਾ ਇਥੇ ਦੇਣ ਦੀ ਲੋੜ ਨਹੀਂ।

ਗੁਰਸਿਖ ਜੀਵਨ ਦੇ ਪ੍ਰਭਾਵ ਨੂੰ ਇਸ ਜੋੜੇ ਨੇ ਦਿਲੋਂ ਕਬੂਲਿਆ। ਆਪ ਰੀਟਾਇਰ ਹੋ ਚੁੱਕੇ ਸਨ ਕਿ ਇਕ ਦਿਨ ਦੋਵੇਂ ਪੈਦਲ ਸੈਕਟਰ ੯ ਵਾਲੀ ਸੜਕ ਲੰਘ ਰਹੇ ਸਨ। ਮੇਰੇ ਨਾਲ ਦਫ਼ਤਰ ਦਾ ਇਕ ਕਰਮਚਾਰੀ, ਜੋ ਹਰਿਆਣੇ ਦਾ ਸੀ, ਉਸ ਨੇ ਵੇਖਿਆ ਕਿ ਬੀਬੀ ਸ਼ੀਲਾ ਦੀ ਸਾੜ੍ਹੀ ਸਿਰ ਤੋਂ ਲੱਥੀ ਹੋਈ ਸੀ, ਪਰ ਮੈਨੂੰ ਵੇਖਦੇ ਹੀ ਝਟ ਸਿਰ ਢੱਕ ਲਿਆ। ਮੇਰਾ ਸਾਥੀ ਕਹਿਣ ਲੱਗਾ ਕਿ ਗਿਆਨੀ ਜੀ! ਕਮਾਲ ਹੈ, ਇਨ੍ਹਾਂ ਦੇ ਜੀਵਨ ਵਿਚ ਇਤਨਾ ਪਲਟਾ ਆ ਗਿਆ ਹੈ।

ਗੱਲ ਕੀ, "ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ

ਭੂਮਿ ਆਖੀ" ਦੀ ਵਾਰ ਦਾ ਰੋਜ਼ਾਨਾ ਪਾਠ ਕਰਨ, ਸੁਣਨ ਨਾਲ ਬੀਬੀ ਸ਼ੀਲਾ ਨਵੀਂ ਨਰੋਈ ਹੋ ਗਈ।

ਇਸ ਵਾਰ ਦਾ ਪਾਠ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਹੋਰ ਕਈ ਪ੍ਰੇਮੀ ਸਿਖ ਨਿਤ ਕਰਦੇ ਸਨ ਅਤੇ ਅੱਜ ਵੀ ਕਈ ਗੁਰੂ ਦੇ ਲਾਲ ਇਸ ਵਾਰ ਦਾ ਪਠਨ-ਪਾਠਨ ਨਿਤਾਪ੍ਰਤਿ ਕਰਦੇ ਹਨ। ਸਾਰੇ ਗੁਰਸਿਖ ਵੀਰਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਅਜਿਹੇ ਰੋਗੀਆਂ ਨੂੰ ਇਸ ਵਾਰ ਦਾ ਪਾਠ ਕਰਨ ਦੀ ਪ੍ਰੇਰਨਾ ਦੇਣ। ਬਾਣੀ ਸਾਰੀ ਹੀ ਸਦਾ ਸੁਖਦਾਈ ਹੈ, ਪਰ ਇਤਿਹਾਸਕ ਤੌਰ 'ਤੇ ਜੋ ਅਜਿਹੀ ਪ੍ਰੇਰਨਾ ਮਿਲਦੀ ਹੈ ਤਾਂ ਇਸ ਤੋਂ ਲਾਭ ਉਠਾਉਣਾ ਚਾਹੀਦਾ ਹੈ। ਹਾਂ, ਜੋ ਸ਼ਬਦ-ਸਿੱਧੀ ਲਈ ਹਠ-ਸਾਧਨਾ ਕਰਨੀ ਅਤੇ ਕਿਸੇ ਦਾ ਭਲਾ, ਕਿਸੇ ਦਾ ਬੁਰਾ ਕਰਨ ਲਈ ਸਿੱਧੀ ਪ੍ਰਾਪਤ ਕਰਨੀ ਨਿਰੋਲ ਮਨਮਤਿ ਹੈ। ਗੁਰਮਤਿ ਸਹਿਜ ਦਾ ਮਾਰਗ ਹੈ, ਜਿਸ ਉੱਤੇ ਚਲਦਿਆਂ ਇਹ ਲੋਕ ਸੁਖੀ ਪਰਲੋਕ ਸੁਹੇਲਾ ਹੋ ਸਕਦਾ ਹੈ।

"ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ" ਵਾਰ ਦੀ ਮਹਿਮਾ ਵਿਚ ਗੁਰੂ ਪਿਆਰਿਆਂ ਨੇ *ਗੁਰ ਬਿਲਾਸ ਪਾਤਸ਼ਾਹੀ ਛੇਵੀਂ* ਵਿਚ ਇਸ ਤਰ੍ਹਾਂ ਲਿਖਿਆ ਹੈ :

**ਉਪਮ ਵਾਰ ਕੀ ਸ੍ਰੀ ਗੁਰੂ ਕੀਨੀ॥**
**ਕਸਟ ਨਿਵਾਰਨ ਅਤਿ ਸੁਖ ਦੀਨੀ॥**
**ਜਿਹ ਨਰ ਕੋ ਬਡ ਰੋਗ ਦੁਖਾਵੈ॥**
**ਯਾਹਿ ਪੜ੍ਹੇ ਦੁਖ ਦੂਰ ਪਰਾਵੈ॥**
**ਔਰ ਕਸ਼ਟ ਕੋ ਰਹਿਨ ਨ ਪਾਈ॥**
**ਪੜੈ ਵਾਰ ਜੋ ਨੇਮ ਧਰਾਈ॥**

[ਗਿਆਨੀ ਹਰਿਬੰਸ ਸਿੰਘ ਕ੍ਰਿਤ *ਦਰਸ਼ਨ ਨਿਰਣੈ ਪੋਥੀ ਨੌਵੀਂ* ਵਿਚੋਂ ਧੰਨਵਾਦ ਸਹਿਤ]

# ਬਸੰਤ ਕੀ ਵਾਰ ਮਹਲੁ ੫

ੴ ਸਤਿਗੁਰਪ੍ਰਸਾਦਿ ॥
ਹਰਿ ਕਾ ਨਾਮੁ ਧਿਆਇ ਕੈ, ਹੋਹੁ ਹਰਿਆ ਭਾਈ ॥
ਕਰਮਿ ਲਿਖੰਤੈ ਪਾਈਐ, ਇਹ ਰੁਤਿ ਸੁਹਾਈ ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ, ਅੰਮ੍ਰਿਤ ਫਲੁ ਪਾਈ ॥
ਮਿਲਿ ਸਾਧੂ ਸੁਖੁ ਊਪਜੈ, ਲਥੀ ਸਭ ਛਾਈ ॥
ਨਾਨਕੁ ਸਿਮਰੈ ਏਕੁ ਨਾਮੁ, ਫਿਰਿ ਬਹੁੜਿ ਨ ਧਾਈ ॥੧॥

***ਉਚਾਰਣ-ਸੇਧ :***

'ਮਹਲੁ'—'ਲ' ਦਾ ਉਚਾਰਣ ਬਲ-ਸਹਿਤ 'ਮਹੱਲੁ' ਵਾਂਗ।

ੴ—ਉਚਾਰਣ 'ਇਕ ਓਅੰਕਾਰ'।

***ਪਦ-ਅਰਥ :***

ਹਰਿਆ—ਹਰਾ-ਭਰਾ, ਪ੍ਰਫੁਲਤ। ਕਰਮਿ ਲਿਖੰਤੈ—ਧੁਰੋਂ ਲਿਖੇ ਵੱਡੇ-ਭਾਗ ਸਦਕਾ। ਇਹ ਰੁਤਿ—ਮਨੁੱਖਾ-ਜਨਮ ਰੂਪ ਰੁਤਿ। ਸੁਹਾਈ—ਸੁਹਾਵਣੀ। ਵਣੁ, ਤ੍ਰਿਣੁ, ਤ੍ਰਿਭਵਣੁ—ਜੰਗਲ, ਘਾਹ-ਬੂਟ, ਤ੍ਰਿਭਵਣੀ-ਜਗਤ। ਮਉਲਿਆ—ਪ੍ਰਫੁਲਤ ਹੋਇਆ ਪਿਆ ਹੈ। ਸਾਧੂ—ਸਾਧੂ-ਸਤਿਗੁਰੂ। ਸੁਖੁ—ਆਤਮ-ਸੁਖ। ਲਥੀ—['ਲਥਈ' ਦਾ ਰੂਪਾਂਤਰ] ਲਹਿ ਜਾਂਦੀ ਹੈ। ਛਾਈ—(ਪਾਪਾਂ ਦੀ) ਕਾਲਖ। ਬਹੁੜਿ—ਬਾਰ ਬਾਰ। ਨ ਧਾਈ—(ਜੂਨਾਂ-ਜਨਮਾਂ ਵਿਚ) ਭਉਂਦਾ-ਭਟਕਦਾ ਨਹੀਂ।

***ਅਰਥ :***

ਸਿਰਜਨਾਤਮਿਕ ਅਤੇ ਵਿਆਪਕ ਸੱਤਾ-ਸੰਪੰਨ ਬ੍ਰਹਮ ਅਦੁੱਤੀ ਹੈ,

ਜਿਸਦਾ ਗਿਆਨ ਅਥਵਾ ਆਤਮ-ਤਲ 'ਤੇ ਮਿਲਾਪ ਸਤਿਗੁਰੂ ਦੇ ਪ੍ਰਸਾਦ ਦੁਆਰਾ ਹੀ ਸੰਭਵ ਹੈ।

ਹੇ ਭਾਈ! ਹਰੀ-ਪ੍ਰਭੂ ਦਾ ਨਾਮ ਧਿਆ ਕੇ ਭਾਵ ਨਾਮ ਦਾ ਧਿਆਨ ਧਰ ਕੇ (ਤਨ ਕਰਕੇ ਅਤੇ ਮਨ ਕਰਕੇ ਜੀਵਨ ਪ੍ਰਯੰਤ) ਹਰਿਆ-ਭਰਿਆ, ਭਾਵ, ਪ੍ਰਫੁਲਤ ਹੋਇਆ ਰਹੁ।

ਇਹ (ਮਨੁੱਖਾ-ਜਨਮ ਦੀ) ਸੁਹਾਵਣੀ ਰੁਤਿ ਧੁਰੋਂ ਲਿਖੇ ਹੋਏ ਵੱਡੇ ਭਾਗ ਕਰਕੇ ਪ੍ਰਾਪਤ ਹੁੰਦੀ ਹੈ।

(ਜਿਸ ਤਰ੍ਹਾਂ ਬਸੰਤ ਦੀ ਰੁਤੇ) ਜੰਗਲ, ਘਾਹ-ਬੂਟ ਗੱਲ ਕੀ, ਸਾਰਾ ਤ੍ਰਿਭਵਣੀ-ਜਗਤ (ਭਾਵ, ਜਗਤ ਦੀ ਬਨਸਪਤੀ ਅਤੇ ਹਰੇਕ ਜੀਵ-ਜੰਤ) ਪ੍ਰਫੁਲਤ ਹੋਇਆ ਰਹਿੰਦਾ ਹੈ (ਏਸੇ ਤਰ੍ਹਾਂ ਮਨੁੱਖਾ-ਜਨਮ ਰੂਪੀ ਰੁਤ ਵਿਚ) ਨਾਮ ਅੰਮ੍ਰਿਤ-ਫਲ ਪ੍ਰਾਪਤ ਹੁੰਦਾ ਹੈ। (ਇਸ ਲਈ, ਗੁਰੂ-ਦੁਆਰਾ ਨਾਮ ਅੰਮ੍ਰਿਤ-ਫਲ ਪ੍ਰਾਪਤ ਕਰ ਕੇ ਤੂੰ ਵੀ ਪ੍ਰਫੁਲਤ ਹੋਇਆ ਰਹੁ।)

ਸਾਧੂ-ਸਤਿਗੁਰੂ ਨੂੰ ਮਿਲ ਕੇ ਅੰਦਰ ਆਤਮ-ਸੁਖ ਉਤਪੰਨ ਹੋ ਜਾਂਦਾ ਹੈ, ਪਾਪਾਂ ਦੀ ਸਾਰੀ ਕਾਲਖ (ਮਨ ਤੋਂ) ਲਹਿ ਜਾਂਦੀ ਹੈ।

(ਇਸ ਲਈ, ਪ੍ਰਭੂ ਦਾ ਦਾਸ) ਨਾਨਕ ਤਾਂ ਕੇਵਲ ਨਾਮ ਹੀ ਜਪਦਾ ਹੈ।

(ਜਿਹੜਾ ਜੀਵ ਮਨੁੱਖਾ-ਜਨਮ ਪ੍ਰਾਪਤ ਕਰ ਕੇ ਕੇਵਲ ਨਾਮ ਜਪਦਾ ਰਹਿੰਦਾ ਹੈ) ਉਹ ਫਿਰ ਬਾਰ ਬਾਰ (ਜੂਨਾਂ ਵਿਚ) ਭਉਂਦਾ ਭਟਕਦਾ ਨਹੀਂ॥੧॥

***ਸਾਰੰਸ਼ :***

ਜਿਵੇਂ ਬਸੰਤ ਦੀ ਰੁਤਿ ਸਮੁੱਚੇ ਜੀਵ-ਜੰਤੂਆਂ ਅਤੇ ਸਾਰੀ ਬਨਸਪਤੀ ਦੀ ਪ੍ਰਫੁਲਤਾ ਅਤੇ ਖਿੜਾਉ ਦੀ ਰੁਤਿ ਹੈ, ਏਸੇ ਤਰ੍ਹਾਂ ਮਨੁੱਖਾ-ਜਨਮ ਵੀ ਨਾਮ-ਸਿਮਰਨ ਕਰ ਕੇ ਹਰੇ-ਭਰੇ ਅਤੇ ਪ੍ਰਫੁਲਤ ਹੋਣ ਦੀ ਮਾਨੋ ਸੁਹਾਵਣੀ ਰੁਤਿ ਹੈ, ਜੋ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਨਾਮ-ਰੂਪੀ ਅੰਮ੍ਰਿਤ-ਫਲ ਸਾਧੂ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ, ਜਿਸ ਦੀ ਬਰਕਤਿ ਨਾਲ ਪਾਪਾਂ ਦੀ ਮੈਲ ਨਿਵਿਰਤ ਹੋ ਜਾਂਦੀ ਹੈ ਅਤੇ ਆਵਾ-ਗਉਣ ਦਾ ਚੱਕਰ ਮਿਟ ਜਾਂਦਾ ਹੈ।

**ਪੰਜੇ ਬਧੇ ਮਹਾਬਲੀ, ਕਰਿ ਸਚਾ ਢੋਆ॥**
**ਆਪਣੇ ਚਰਣ ਜਪਾਇਅਨੁ, ਵਿਚਿ ਦਯੁ ਖੜੋਆ॥**
**ਰੋਗ ਸੋਗ ਸਭਿ ਮਿਟਿ ਗਏ, ਨਿਤ ਨਵਾ ਨਿਰੋਆ॥**
**ਦਿਨੁ ਰੈਣਿ ਨਾਮੁ ਧਿਆਇਦਾ, ਫਿਰਿ ਪਾਇ ਨ ਮੋਆ॥**
**ਜਿਸ ਤੇ ਉਪਜਿਆ ਨਾਨਕਾ, ਸੋਈ ਫਿਰਿ ਹੋਆ॥੨॥**

***ਉਚਾਰਣ-ਸੇਧ :***

ਬਧੇ—ਉਚਾਰਨ ਬਲ-ਸਹਿਤ (ਬੱਧੇ ਵਾਂਗ)।
ਦਯੁ—ਦਈਉ।
ਨਵਾ—ਅੰਤਲੇ ਸੁਰ ਦਾ ਉਚਾਰਨ ਨਾਸਕੀ।
ਧਿਆਇਦਾ—ਵਿਚਕਾਰਲੇ ਸੁਰ 'ਇ' ਦਾ ਉਚਾਰਣ ਨਾਸਕੀ।

***ਪਦ-ਅਰਥ :***

ਪੰਜੇ—ਪੰਜੇ ਹੀ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ)। ਬਧੇ—ਬੰਨ੍ਹ (ਨੂੜ੍ਹਣ), ਭਾਵ, ਵਸ ਵਿਚ ਕਰ ਲਏ। ਮਹਾਬਲੀ—ਬਹੁਤੇ ਬਲ ਵਾਲੇ। ਸਚਾ ਢੋਆ—ਸਚੇ ਪ੍ਰਭੂ, ਅਥਵਾ, ਉਸ ਦੇ ਸਚੇ-ਨਾਮ ਦਾ ਸਦਾ-ਥਿਰ ਆਸਰਾ। ਜਪਾਇਅਨੁ—ਉਸ (ਸਤਿਗੁਰੂ) ਨੇ ਜਪਾਏ ਹਨ। ਦਯੁ—ਪਾਰਬ੍ਰਹਮ-ਪਰਮੇਸ਼ਰ। ਸੋਗ—ਚਿੰਤਾ-ਝੋਰੇ। ਨਵਾ ਨਿਰੋਆ—ਨਵੀਨ (ਤਾਜ਼ਾ-ਦਮ) ਅਤੇ ਅਰੋਗ। ਦਿਨੁ ਰੈਣਿ—ਦਿਨ-ਰਾਤ, ਭਾਵ, ਹਰ ਵੇਲੇ। ਮੋਆ—ਮਰੇਊ, ਕਾਲ।

***ਅਰਥ :***

(ਸਮਰੱਥ-ਸਤਿਗੁਰੂ ਦਾ ਸਚ-ਨਾਮ ਰੂਪ) ਸਦਾ-ਥਿਰ ਆਸਰਾ ਪ੍ਰਾਪਤ ਕਰ ਕੇ (ਕਾਮਾਦਿਕ) ਪੰਜੇ ਸੂਰਬੀਰ ਬੰਨ੍ਹ ਲਏ (ਵਸ ਵਿਚ ਕਰ ਲਏ)।

(ਮਿਹਰ ਕਰ ਕੇ) ਉਸ (ਸਮਰੱਥ ਸਤਿਗੁਰੂ ਨੇ ਜੀਵ ਤੋਂ) ਆਪਣੇ ਚਰਨ-ਕਮਲ (ਅੰਮ੍ਰਿਤ-ਨਾਮ) ਜਪਾਅ ਲਏ।

(ਇਸ ਨਾਮ-ਜਾਪ ਸਦਕਾ) ਵਾਹਿਗੁਰੂ (ਜੀਵਨ-ਸੰਘਰਸ਼ ਵਿਚ ਸਿਰ ਉੱਤੇ) ਆਪ ਆ ਖੜੋਤਾ।

(ਨਾਮ-ਜਾਪ ਦੀ ਬਰਕਤਿ ਸਦਕਾ ਜੀਵ ਦੇ) ਸਾਰੇ ਰੋਗ-ਸੋਗ ਨਵਿਰਤ ਹੋ ਗਏ ਅਤੇ ਜੀਵ ਨਿਤ ਨਵਾਂ-ਨਿਰੋਆ ਭਾਵ ਤਾਜ਼ਾ-ਦਮ ਅਤੇ ਅਰੋਗ ਹੋ ਗਿਆ।

ਜੋ ਜੀਵ ਰਾਤ-ਦਿਨ ਨਾਮ ਧਿਆਉਂਦਾ ਹੈ, ਉਸ ਨੂੰ ਫਿਰ ਮਰੇਊ (ਕਾਲ) ਨਹੀਂ ਪੈਂਦਾ, ਭਾਵ, ਉਹ ਕਾਲ ਦੀ ਫੇਟ ਤੋਂ ਬਚ ਜਾਂਦਾ ਹੈ।

ਨਾਨਕ! ਜਿਸ (ਪਰਮਾਤਮ-ਜੋਤਿ) ਤੋਂ ਜੀਵ ਪੈਦਾ ਹੋਇਆ ਸੀ, (ਨਾਮ-ਜਪ ਕੇ) ਫਿਰ ਓਹੋ ਹੀ (ਜੋਤਿ-ਸਰੂਪ ਹੀ) ਹੋ ਨਿਬੜਿਆ ॥੨॥

***ਸਾਰੰਸ਼ :***

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ—ਇਹ ਪੰਜੇ ਵਿਕਾਰ ਵੱਡੇ ਬਲੀ ਹਨ, ਜੋ ਜੀਵਾਂ ਨੂੰ ਵਸ ਵਿਚ ਕਰ ਕੇ ਖੱਜਲ-ਖ਼ੁਆਰ ਕਰਦੇ ਹਨ। ਜਿਸ ਜਿਸ ਮਨੁੱਖ ਨੇ ਸੱਚੇ ਸਤਿਗੁਰੂ ਦਾ ਸਚਾ ਆਸਰਾ ਲਿਆ, ਉਸ ਉਸ ਨੇ ਇਹਨਾਂ ਮਹਾਂ-ਬਲੀ ਵਿਕਾਰਾਂ ਨੂੰ ਵਸ ਵਿਚ ਕਰ ਲਿਆ। ਜੀਵਨ-ਸੰਘਰਸ਼ ਵਿਚ ਵਾਹਿਗੁਰੂ ਉਸ ਦਾ ਰਾਖਾ ਬਣ ਗਿਆ। ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਕਰਨ ਸਦਕਾ ਰੋਗ-ਸੋਗ ਤੋਂ ਉਸ ਦਾ ਖਹਿੜਾ ਛੁਟ ਗਿਆ, ਤਨ-ਮਨ ਨਵਾਂ-ਨਿਰੋਆ ਹੋ ਗਿਆ। ਨਿਰੰਤਰ ਨਾਮ-ਸਿਮਰਨ ਦੇ ਤੁਫ਼ੈਲ ਸਦ-ਜੀਵਨ ਮਿਲ ਗਿਆ ਅਤੇ ਕਰਤਾ ਪੁਰਖ ਨਾਲ ਅਭੇਦਤਾ ਪ੍ਰਾਪਤ ਹੋ ਗਈ।

**ਕਿਥਹੁ ਉਪਜੈ ਕਹ ਰਹੈ, ਕਹ ਮਾਹਿ ਸਮਾਵੈ ॥**
**ਜੀਅ ਜੰਤ ਸਭਿ ਖਸਮ ਕੇ, ਕਉਣੁ ਕੀਮਤਿ ਪਾਵੈ ॥**
**ਕਹਨਿ ਧਿਆਇਨਿ ਸੁਣਨਿ ਨਿਤ, ਸੇ ਭਗਤ ਸੁਹਾਵੈ ॥**
**ਅਗਮੁ ਅਗੋਚਰੁ ਸਾਹਿਬੋ, ਦੂਸਰੁ ਲਵੈ ਨ ਲਾਵੈ ॥**
**ਸਚੁ ਪੂਰੈ ਗੁਰਿ ਉਪਦੇਸਿਆ, ਨਾਨਕੁ ਸੁਣਾਵੈ ॥੩॥੧॥**

***ਉਚਾਰਣ-ਸੇਧ :***

ਕਿਥਹੁ, ਕਹ (ਦੋਵੇਂ ਵਾਰੀ)—ਅੰਤਲੇ ਸੂਰ ਦਾ ਉਚਾਰਣ ਨਾਸਕੀ।
ਜੀਅ—ਅੰਤਲੇ 'ਅ' ਦਾ ਉਚਾਰਣ 'ਆ' ਵਲ ਉਲਾਰ ਨਾ ਹੋਵੇ।
ਕਹਨਿ—'ਹ' ਦਾ ਉਚਾਰਣ 'ਹਿ' ਵਾਂਗ ਨਹੀਂ।

***ਪਦ-ਅਰਥ :***

ਉਪਜੈ—ਪੈਦਾ ਹੁੰਦਾ ਹੈ। ਕਹ—ਕਿਥੇ। ਕਹ ਮਾਹਿ ਸਮਾਵੈ—ਕਿਸ ਵਿਚ ਜਾ ਸਮਾਉਂਦਾ ਹੈ [ਇਥੇ 'ਕਹ' ਸ਼ਬਦ 'ਕਿਹ' ਦਾ ਸੂਚਕ ਹੈ]। ਸੁਹਾਵੈ—ਸੋਭਨੀਕ ਹੁੰਦਾ ਹੈ। ਅਗਮੁ—ਅਪਹੁੰਚ। ਅਗੋਚਰੁ—ਮਨ-ਇੰਦ੍ਰੀਆਂ ਦੀ

ਪਹੁੰਚ-ਪਕੜ ਤੋਂ ਪਰੇ। ਸਾਹਿਬੋ—ਮਾਲਿਕ-ਵਾਹਿਗੁਰੂ। ਦੂਸਰੁ—ਕੋਈ ਦੂਜਾ। ਲਵੈ ਨ ਲਾਵੈ—ਬਰਾਬਰੀ ਨਹੀਂ ਕਰ ਸਕਦਾ। ਸਚੁ—ਸੱਚ-ਨਾਮ। ਪੂਰੈ ਗੁਰਿ—ਪੂਰੇ ਗੁਰੂ ਨੇ।

***ਅਰਥ :***

(ਜੀਵ) ਕਿਥੋਂ ਪੈਦਾ ਹੁੰਦਾ ਹੈ ? ਕਿਥੇ ਰਹਿੰਦਾ ਹੈ ? ਅਤੇ ਕਿਸ ਵਿਚ ਜਾ ਸਮਾਉਂਦਾ ਹੈ ?

ਸਾਰੇ ਜੀਵ-ਜੰਤੂ ਮਾਲਿਕ-ਪ੍ਰਭੂ ਦੇ (ਪੈਦਾ ਕੀਤੇ ਹੋਏ) ਹਨ, ਉਸ ਪ੍ਰਭੂ ਦੀ ਕੀਮਤ ਕੌਣ ਪਾ ਸਕਦਾ ਹੈ ?

ਉਹ ਭਗਤ-ਜਨ ਜੋ (ਪ੍ਰਭੂ-ਨਾਮ) ਨਿਤਾ-ਪ੍ਰਤਿ ਬੋਲਦੇ ਹਨ, ਧਿਆਉਂਦੇ ਹਨ ਅਤੇ ਸੁਣਦੇ ਹਨ, ਉਹ (ਲੋਕ-ਪਰਲੋਕ ਵਿਚ) ਸੋਭਨੀਕ ਹੁੰਦੇ ਹਨ, ਉਹਨਾਂ ਨੂੰ ਹੀ ਮਨੁੱਖਾ ਜਨਮ ਸੋਭਾ ਦੇਂਦਾ ਹੈ।

ਮਾਲਿਕ-ਪ੍ਰਭੂ ਮਨ ਇੰਦਰੀਆਂ ਦੀ ਪਹੁੰਚ-ਪਕੜ ਤੋਂ ਪਰੇ ਹੈ, ਕੋਈ ਦੂਜਾ ਉਸ ਦੀ ਬਰਾਬਰੀ ਨਹੀਂ ਕਰ ਸਕਦਾ।

ਪੂਰੇ ਗੁਰੂ ਨੇ (ਪ੍ਰਭੂ ਵਿਚ ਸਮਾਉਣ ਲਈ) ਸਚ (ਨਾਮ) ਉਪਦੇਸ਼ ਦਿੱਤਾ ਹੈ, ਨਾਨਕ (ਸੱਚਾ ਨਾਮ ਆਖ ਕੇ ਸਭਨਾਂ ਨੂੰ) ਸੁਣਾਉਂਦਾ ਹੈ॥੩॥

***ਸਾਰੰਸ਼ :***

ਪੂਰੇ ਸਤਿਗੁਰੂ ਦਾ ਉਪਦੇਸ਼ ਇਹ ਹੈ ਕਿ ਵਾਹਿਗੁਰੂ ਸਾਰੀ ਦ੍ਰਿਸ਼ਟ-ਅਦ੍ਰਿਸ਼ਟ ਰਚਨਾ ਦਾ ਮਾਲਿਕ ਹੈ। ਉਹ ਮਨ-ਇੰਦਰੀਆਂ ਦੀ ਪਹੁੰਚ-ਪਕੜ ਤੋਂ ਪਰੇ ਹੈ, ਕੋਈ ਦੂਜਾ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਸਾਰੇ ਜੀਵ-ਜੰਤੂ ਉਸ ਦੇ ਹੀ ਰਚੇ ਹੋਏ ਹਨ। ਜੋ ਜੀਵ ਉਸ ਦਾ ਸਿਮਰਨ-ਭਜਨ ਕਰਦੇ ਹਨ, ਓਹੀ ਸੋਭਨੀਕ ਹਨ। ਵਾਹਿਗੁਰੂ ਤੋਂ ਬਾਹਰਾ ਕੋਈ ਵੀ ਨਹੀਂ। ਸਾਰੇ ਜੀਵ-ਜੰਤੂ ਉਸੇ ਦੀ ਹੀ ਅੰਸ ਹਨ, ਉਸੇ ਦੀ ਰਜ਼ਾਅ ਅਨੁਸਾਰ ਹੀ ਵਿਚਰਦੇ ਹਨ ਅਤੇ ਅੰਤ ਨੂੰ ਉਸੇ ਵਿਚ ਹੀ ਜਾ ਸਮਾਉਂਦੇ ਹਨ।

# ਅੰਤਿਕਾ—੧ (ਪ੍ਰਸ਼ਨੋਤ੍ਰੀ)

੧. **ਪ੍ਰਸ਼ਨ :** ਸਿਰਲੇਖ 'ਬਸੰਤ ਕੀ ਵਾਰ ਮਹਲੁ ੫' ਦੀ ਵਿਆਖਿਆ ਕਰੋ ?

*ਉੱਤਰ :* ਇਹ ਵਾਰ ਪੰਜਵੇਂ ਮਹਲੁ (ਸਰੂਪ) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਬਸੰਤ ਰਾਗ ਦੀ ਬਾਣੀ ਵਿਚ ਅੰਕਿਤ ਹੈ। ਇਸ ਦੀਆਂ ਤਿੰਨ ਪਉੜੀਆਂ ਹੀ ਹਨ।

**ਇਤਿਹਾਸਕ ਕਥਨ :**

'ਬਸੰਤ ਕੀ ਵਾਰ' ਬਾਰੇ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਵਾਰ ਦੀ ਰਚਨਾ ਕਰਦੇ ਸਮੇਂ ਤਿੰਨ ਪਉੜੀਆਂ ਹੀ ਰਚੀਆਂ ਸਨ, ਜਦ ਲਾਂਗਰੀ ਸਿਖ ਨੇ ਆ ਕੇ ਬੇਨਤੀ ਕੀਤੀ ਕਿ ਲੰਗਰ ਤਿਆਰ ਹੈ ਅਤੇ ਪੰਗਤ ਆਪ ਜੀ ਦੀ ਉਡੀਕ ਵਿਚ ਬੈਠੀ ਹੈ। ਸੋ, ਗੁਰੂ ਜੀ ਵਾਰ ਵਿਚੇ ਛੱਡ ਕੇ ਲੰਗਰ ਛਕਣ ਚਲੇ ਗਏ, ਇਸ ਲਈ ਇਹ ਵਾਰ ਛੋਟੀ ਹੀ ਰਹਿ ਗਈ।

੨. **ਪ੍ਰਸ਼ਨ :** ਗੁਰਮਤਿ-ਸਿਧਾਂਤ ਦੀ ਰੌਸ਼ਨੀ ਵਿਚ ਇਸ ਸਾਖੀ ਬਾਰੇ ਆਪਣਾ ਵਿਚਾਰ ਪ੍ਰਗਟ ਕਰੋ ?

*ਉੱਤਰ :* ਗੁਰਬਾਣੀ ਬਾਰੇ ਸਤਿਗੁਰਾਂ ਦਾ ਕਥਨ ਹੈ ਕਿ ਇਹ 'ਧੁਰ ਕੀ ਬਾਣੀ' ਅਥਵਾ 'ਖਸਮ ਕੀ ਬਾਣੀ' ਹੈ। ਪਾਵਨ ਬਾਣੀ ਦਾ ਆਵੇਸ਼ ਓਦੋਂ ਹੋਇਆ, ਜਦੋਂ ਸਤਿਗੁਰੂ ਜੀ ਕਰਤਾ ਪੁਰਖ ਨਾਲ ਅੰਤਰ-ਆਤਮੇ ਇਕ-ਮਿਕ ਹੋਏ। ਸਤਿਗੁਰੂ ਜੀ ਕਥਨ ਕਰਦੇ ਹਨ "ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥" ਵਿਚਾਰ ਅਧੀਨ ਸਾਖੀ ਇਹ ਪ੍ਰਭਾਵ ਦੇਂਦੀ ਹੈ ਕਿ ਸਤਿਗੁਰੂ

ਪਾਤਿਸ਼ਾਹ ਜੀ ਨੇ ਵਾਰ ਦੀ ਰਚਨਾ ਨਾਲੋਂ ਲੰਗਰ ਛਕਣ ਨੂੰ ਜ਼ਿਆਦਾ ਮਹੱਤਤਾ ਦਿੱਤੀ। ਗੁਰਮਤਿ-ਸਿਧਾਂਤ ਦੀ ਰੌਸ਼ਨੀ ਵਿਚ ਇਹ ਗੱਲ ਠੀਕ ਨਹੀਂ ਲਗਦੀ। ਸਚਾਈ ਇਹ ਹੈ ਕਿ ਧੁਰ ਦੀ ਵਿਉਂਤ ਅਧੀਨ ਇਸ ਵਾਰ ਦਾ ਆਕਾਰ ਏਨਾ ਹੀ ਸੀ।

੩. **ਪ੍ਰਸ਼ਨ :** 'ਬਸੰਤ ਕੀ ਵਾਰ' ਦੀ ਪਹਿਲੀ ਪਉੜੀ ਦਾ ਵਾਕੰਸ਼ 'ਹੋਹੁ ਹਰਿਆ ਭਾਈ' ਦਾ ਭਾਵ-ਅਰਥ ਸਪੱਸ਼ਟ ਕਰੋ ?

*ਉੱਤਰ :* ਵਿਚਾਰ-ਅਧੀਨ ਵਾਕੰਸ਼ ਦਾ ਅਰਥ ਹੈ—"ਹੇ ਭਾਈ! ਮਨ ਕਰਕੇ, ਤਨ ਕਰਕੇ ਜੀਵਨ ਪ੍ਰਯੰਤ ਹਰਾ-ਭਰਾ ਹੋਇਆ ਰਹੁ।" ਮਾਇਕੀ ਤ੍ਰਿਸ਼ਨਾ ਦੇ ਅਗਨਿ-ਸੇਕ ਕਰਕੇ ਮਨੁੱਖੀ ਤਨ ਵੀ ਅਤੇ ਮਨ ਵੀ ਸੁੱਕ ਜਾਂਦਾ ਹੈ ਅਤੇ ਕਈ ਵਾਰੀ ਝੁਲਸ ਜਾਂਦਾ ਹੈ। ਨਾਮ-ਸਿਮਰਨ ਸਦਕਾ ਮਾਇਕੀ ਤ੍ਰਿਸ਼ਨਾ ਦੇ ਅਗਨਿ-ਸੇਕ ਨਾਲ ਸੁੱਕਾ ਹੋਇਆ ਮਨੁੱਖੀ ਤਨ ਅਤੇ ਮਨ ਹਰਾ-ਭਰਾ ਹੋ ਜਾਂਦਾ ਹੈ, ਭਾਵ, ਮਨੁੱਖ ਅੰਦਰਲੀ ਦੈਵੀ-ਗੁਣਾਂ ਦੀ ਅੰਗੂਰੀ ਪ੍ਰਫੁਲਤ ਹੋ ਜਾਂਦੀ ਹੈ।

੪. **ਪ੍ਰਸ਼ਨ :** 'ਬਸੰਤ ਕੀ ਵਾਰ' ਦੀ ਪਹਿਲੀ ਪਉੜੀ ਵਿਚ 'ਰੁਤਿ' ਸ਼ਬਦ ਦਾ ਵਰਣਨ ਹੈ। ਇਹ ਸ਼ਬਦ ਕਿਹੜੀ 'ਰੁਤਿ' ਵੱਲ ਸੰਕੇਤ ਕਰਦਾ ਹੈ ?

*ਉੱਤਰ :* ਕੁਦਰਤਿ ਦੀ ਰਚਨਾ ਵਿਚ ਬਸੰਤ ਦੀ ਰੁਤਿ ਖਿੜਾਉ ਅਤੇ ਹੁਲਾਸ ਦੀ ਰੁਤਿ ਹੁੰਦੀ ਹੈ। ਪਰ ਵਾਰ ਦੀ ਪਹਿਲੀ ਪਉੜੀ ਵਿਚ ਰੁਤਿ ਤੋਂ ਭਾਵ ਹੈ—'ਮਨੁੱਖਾ ਜਨਮ ਦਾ ਸਮਾਂ', ਮਨੁੱਖਾ ਜਨਮ ਦਾ ਸਮਾਂ ਨਾਮ-ਸਿਮਰਨ ਦੁਆਰਾ ਮਨੁੱਖੀ ਤਨ ਮਨ ਦੇ ਮਉਲਣ (ਖਿੜਾਉ ਵਿਚ ਆਉਣ) ਦੀ ਸ੍ਰੇਸ਼ਟ ਰੁਤਿ ਹੈ।

**ਕਥਨ :**

'ਬਸੰਤ ਕੀ ਵਾਰ' ਦੀ ਪਹਿਲੀ ਪਉੜੀ ਦੀ ਪੰਗਤੀ ਹੈ "ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥"

੫. **ਪ੍ਰਸ਼ਨ :** (ੳ) ਇਸ ਤੁਕ ਵਿਚ ਕਿਹੜੇ ਸਾਧੂ ਨੂੰ ਮਿਲਣ ਦਾ ਸੰਕੇਤ ਹੈ ?

(ਅ) ਛਾਈ ਤੋਂ ਕੀ ਭਾਵ ਹੈ ? ਅਤੇ ਇਹ ਕਿਵੇਂ ਲਥ ਸਕਦੀ ਹੈ ?

*ਉੱਤਰ :* (ੳ) ਸਾਧੂ ਸਤਿਗੁਰੂ ਨੂੰ ਮਿਲਣ ਦਾ ਸੰਕੇਤ ਹੈ।

(ਅ) ਛਾਈ ਤੋਂ ਭਾਵ ਹੈ 'ਪਾਪਾਂ ਦੀ ਮੈਲ'। ਇਹ ਛਾਈ, ਸਾਧੂ-ਸਤਿਗੁਰੂ ਨੂੰ ਮਿਲ ਕੇ ਅਤੇ ਉਸ ਤੋਂ ਪ੍ਰਾਪਤ ਹੋਏ ਨਾਮ ਦੇ ਸਿਮਰਨ ਨਾਲ ਲਥ ਸਕਦੀ ਹੈ।

**ਕਥਨ :**

'ਬਸੰਤ ਕੀ ਵਾਰ' ਦੀ ਦੂਜੀ ਪਉੜੀ ਦੀ ਤੁਕ ਹੈ—"ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥" ਦਸੋ :

੬. **ਪ੍ਰਸ਼ਨ :** (ੳ) ਕਿਹੜੇ ਮਹਾ ਬਲੀ ?

(ਅ) ਸਚਾ ਢੋਆ ਕਿਹੜਾ ?

*ਉੱਤਰ :* (ੳ) ਪ੍ਰਬਲ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਹਾ ਬਲੀ ਹਨ।

(ਅ) ਸਦਾ-ਥਿਰ ਵਾਹਿਗੁਰੂ, ਅਥਵਾ ਉਸ ਦੇ ਨਾਮ ਦਾ ਢੋਆ (ਆਸਰਾ) ਹੀ ਸਦਾ-ਥਿਰ ਭਾਵ ਸੱਚਾ ਹੈ।

੭. **ਪ੍ਰਸ਼ਨ :** 'ਬਸੰਤ ਕੀ ਵਾਰ' ਦੀ ਦੂਜੀ ਪਉੜੀ ਦੇ ਵਾਕੰਸ਼ 'ਫਿਰਿ ਪਾਇ ਨ ਮੋਆ' ਦਾ ਅਰਥ-ਭਾਵ ਸਪੱਸ਼ਟ ਕਰੋ ?

*ਉੱਤਰ :* ਪੰਜ-ਭੂਤਕੀ ਸਰੀਰ ਤਾਂ ਹਰੇਕ ਮਨੁੱਖ ਦਾ ਬਿਨਸਨਹਾਰ ਹੈ। ਪਰ ਜਿਹੜਾ ਮਨੁੱਖ ਨਾਮ ਧਿਆਉਂਦਾ ਹੈ, ਉਹ ਜੀਵਨ-ਪ੍ਰਯੰਤ ਨਾਮੀ-ਪ੍ਰਭੂ ਵਿਚ ਸੁਰਤਿ-ਲੀਨ ਰਹਿੰਦਾ ਹੈ। ਅੰਤ ਸਮੇਂ ਵੀ ਨਾਮੀ-ਪ੍ਰਭੂ ਵਿਚ ਸੁਰਤਿ-ਲੀਨ ਹੋਣ ਦੇ ਫਲ-ਸਰੂਪ ਉਸ ਦੀ ਆਤਮ-ਜੋਤਿ ਸਦਾ-ਥਿਰ ਪਰਮਾਤਮ-ਜੋਤਿ ਵਿਚ ਸਮਾਅ ਕੇ ਸਦਾ-ਥਿਰ ਹੋ ਜਾਂਦੀ ਹੈ। ਇਸ ਤਰ੍ਹਾਂ, ਉਹ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ।

੮. **ਪ੍ਰਸ਼ਨ :** "ਕਿਥਹੁ ਉਪਜੈ, ਕਹ ਰਹੈ, ਕਹ ਮਾਹਿ ਸਮਾਵੈ" ਤੁਕ ਵਿਚਲੇ ਪ੍ਰਸ਼ਨਾਂ ਦਾ ਉੱਤਰ ਦਿਓ ?

*ਉੱਤਰ :* **ਕਿਥਹੁ ਉਪਜੈ**—ਜੀਵ, ਪਰਮਾਤਮਾ ਦੀ ਅੰਸ਼ ਹੈ, ਇਹ ਪਰਮਾਤਮ-ਜੋਤਿ ਤੋਂ ਹੀ ਪੈਦਾ ਹੁੰਦਾ ਹੈ।

**ਕਹ ਰਹੈ**—ਪਰਮਾਤਮਾ ਆਪਣੀ ਰਚਨਾ ਵਿਚ ਵਿਆਪਕ ਹੈ। ਉਸ ਤੋਂ ਬਾਹਰ ਕੁਝ ਵੀ ਨਹੀਂ। ਇਸ ਨਾਤੇ, ਜੀਵ, ਪਰਮਾਤਮਾ ਵਿਚ ਹੀ ਰਹਿੰਦਾ ਅਤੇ ਵਿਚਰਦਾ ਹੈ।

**ਕਹ ਮਾਹਿ ਸਮਾਵੈ**—ਜੀਵ ਦਾ ਆਤਮਾ ਅਮਰ ਹੈ। ਜਿੰਨੀ ਦੇਰ ਤਕ ਮਨੁੱਖੀ-ਮਨ ਮਾਇਆ ਦੇ ਪ੍ਰਭਾਵ ਅਧੀਨ ਰਹਿੰਦਾ ਹੈ, ਆਉਣ ਜਾਣ ਦਾ ਚੱਕਰ ਬਣਿਆ ਰਹਿੰਦਾ ਹੈ। ਜਦੋਂ ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਸਦੀ ਆਤਮ-ਜੋਤਿ ਪਰਮਾਤਮ-ਜੋਤਿ ਵਿਚ ਜਾ ਸਮਾਉਂਦੀ ਹੈ।

੯. **ਪ੍ਰਸ਼ਨ :** 'ਬਸੰਤ ਕੀ ਵਾਰ' ਦੀ ਬਾਕੀ ਵਾਰਾਂ ਨਾਲੋਂ ਕੀ ਵਿਸ਼ੇਸ਼ਤਾ ਹੈ ?

*ਉੱਤਰ :* (ੳ) 'ਬਸੰਤ ਕੀ ਵਾਰ' ਦਾ ਆਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਬਾਕੀ ਸਭ ਵਾਰਾਂ ਨਾਲੋਂ ਛੋਟਾ ਹੈ।

(ਅ) ਇਸ ਵਾਰ ਵਿਚ ਕੇਵਲ ਤਿੰਨ ਪਉੜੀਆਂ ਹੀ ਹਨ, ਭਾਵ, ਪਉੜੀਆਂ ਨਾਲ ਕੋਈ ਸਲੋਕ ਸੰਮਿਲਤ ਨਹੀਂ, ਜਦ ਕਿ ਬਾਕੀ ਵਾਰਾਂ ਵਿਚ ਪਉੜੀਆਂ ਨਾਲ ਸਲੋਕ ਵੀ ਸੰਮਿਲਤ ਹਨ।

(ੲ) ਮਾਘੀ ਤੋਂ ਲੈ ਕੇ ਹੋਲੇ ਮਹੱਲੇ ਤਕ ਕੀਰਤਨ ਸਮਾਗਮਾਂ ਵਿਚ ਜਿਥੇ ਬਸੰਤ ਰਾਗ ਗਾਏ ਜਾਣ ਦੀ ਪ੍ਰਥਾ ਹੈ, ਉਥੇ ਨਾਲ ਹੀ 'ਬਸੰਤ ਕੀ ਵਾਰ' ਦਾ ਵਿਸ਼ੇਸ਼ ਤੌਰ 'ਤੇ ਗਾਇਨ ਕੀਤੇ ਜਾਣ ਦਾ ਵਿਧਾਨ ਹੈ।

(ਸ) ਇਸ ਵਾਰ ਦੇ ਸਿਰਲੇਖ ਵਿਚ 'ਮਹਲਾ' ਦੀ ਥਾਵੇਂ ਸ਼ਬਦ 'ਮਹਲੁ' ਆਇਆ ਹੈ।